Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning newspaper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

Vol 19*Issue 175 | Friday, September 11, 2020 | Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper | THE ONLY DAILY PUNJABI NEWSPAPER | ਹੁਣ ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

# ਸਾਬਕਾ ਵਿੱਤ ਮੰਤਰੀ ਬਿੱਲ ਮੌਰਨਿਊ ਨੇ ਤੋੜਿਆ ਇਲੈਕਸ਼ਨ ਲਾਅ



ਓਟਵਾ, 10 ਸਤੰਬਰ (ਪੋਸਟ ਬਿਊਰੋ) : ਕੈਨੇਡਾ ਦੇ ਇਲੈਕਸ਼ਨ ਵਾਚਡੌਗ ਦਾ ਕਹਿਣਾ ਹੈ ਕਿ ਸਾਬਕਾ ਵਿੱਤ ਮੰਤਰੀ ਬਿੱਲ ਮੌਰਨਿਊ ਨੇ ਉਸ ਸਮੇਂ ਕਾਨੂੰਨ ਦੀ ਉਲੰਘਣਾ ਕੀਤੀ ਜਦੋਂ ਉਨ੍ਹਾਂ ਆਪਣੇ ਅਹੁਦੇ ਉੱਤੇ ਰਹਿੰਦਿਆਂ ਕਈ ਈਵੈਂਟਸ 'ਤੇ ਲਿਬਰਲ ਉਮੀਦਵਾਰ ਨੂੰ ਪ੍ਰਮੋਟ ਕੀਤਾ।

ਦ ਕਮਿਸ਼ਨਰ ਆਫ ਕੈਨੇਡਾ ਇਲੈਕਸ਼ਨਜ਼ ਦਾ ਕਹਿਣਾ ਹੈ ਕਿ ਪਿਛਲੀਆਂ ਫੈਡਰਲ ਚੋਣਾਂ ਤੋਂ ਪਹਿਲਾਂ ਮੌਰਨਿਊ ਨੇ ਵੱਖ ਵੱਖ ਈਵੈਂਟਸ ਵਿੱਚ ਹਿੱਸਾ ਲੈਣ ਵਾਲੇ ਦੋ ਉਮੀਦਵਾਰਾਂ ਦਾ ਪ੍ਰਚਾਰ ਕੀਤਾ। ਇੱਕ ਉਮੀਦਵਾਰ ਅਨੀਤਾ ਆਨੰਦ ਤਾਂ ਆਪ ਹੀ ਕੈਬਨਿਟ ਮੰਤਰੀ ਬਣ ਚੁੱਕੀ ਹੈ ਤੇ ਦੂਜੀ ਮਿਸ਼ੇਲ ਫਿਸ਼ਰ ਕੰਜ਼ਰਵੇਟਿਵ ਉਮੀਦਵਾਰ ਕੋਲੋਂ ਹਾਰ ਗਈ। ਸਿਆਸੀ ਲਾਹਾ ਲੈਣ ਲਈ ਮੰਤਰੀਆਂ ਨੂੰ ਟੈਕਸਦਾਤਾਵਾਂ ਦੇ ਫੰਡ ਦੀ ਵਰਤੋਂ ਕਰਨ ਦੀ ਇਜਾਜ਼ਤ ਨਹੀਂ ਹੈ। ਪਰ ਇਲੈਕਸ਼ਨ ਲਾਅ ਤਹਿਤ ਇਹ ਪ੍ਰਬੰਧ ਵੀ ਹਨ ਜੋ ਵਿਅਕਤੀ ਵਿਸ਼ੇਸ਼ ਨੂੰ ਕੈਂਪੇਨਜ਼ ਲਈ ਡੋਨੇਟ ਕਰਨ ਤੋਂ ਵਰਜਦੇ ਹਨ।

ਕਮਿਸ਼ਨਰ ਨੇ ਆਖਿਆ ਕਿ ਇਸ ਪ੍ਰਬੰਧ ਦੀ ਹੀ ਮੌਰਨਿਊ ਵੱਲੋਂ ਉਸ ਸਮੇਂ ਉਲੰਘਣਾ ਕੀਤੀ ਗਈ ਹੈ ਜਦੋਂ ਉਨ੍ਹਾਂ ਦੋ ਉਮੀਦਵਾਰਾਂ ਨੂੰ ਪ੍ਰਮੋਟ ਕੀਤਾ। ਅਜਿਹਾ ਇਸ ਲਈ ਕਿਉਂਕਿ ਸਰਕਾਰੀ ਵਸੀਲਿਆਂ ਦੀ ਵਰਤੋਂ ਲਿਬਰਲ ਪਾਰਟੀ ਨੂੰ ਫਾਇਦਾ ਪਹੁੰਚਾਉਣ ਲਈ ਕੀਤੀ ਗਈ। ਕਮਿਸ਼ਨਰ ਨੇ ਆਖਿਆ ਕਿ ਇਸ ਗੱਲ ਦਾ ਕੋਈ ਸੰਕੇਤ ਨਹੀਂ ਮਿਲਦਾ ਕਿ ਮੌਰਨਿਊ ਨੇ ਜਾਣਬੁੱਝ ਕੇ ਸਿਆਸੀ ਲਾਹਾ ਲੈਣ ਲਈ ਜਨਤਕ ਸਰੋਤਾਂ ਦੀ ਵਰਤੋਂ ਕੀਤੀ ਜਾਂ ਫਿਰ ਉਨ੍ਹਾਂ ਸਬੰਧਤ ਈਵੈਂਟਸ ਲਈ ਕੋਈ ਪਲੈਨਿੰਗ ਹੀ ਕੀਤੀ।

ਮੌਰਨਿਊ ਦੀ ਰਾਈਡਿੰਗ ਐਸੋਸਿਏਸ਼ਨ ਵੱਲੋਂ ਦੋਵਾਂ ਈਵੈਂਟਸ ਦਾ ਖਰਚਾ ਮੋੜ ਦਿੱਤਾ ਗਿਆ ਹੈ ਤੇ ਮੌਰਨਿਊ ਨੂੰ ਵੀ 300 ਡਾਲਰ ਜੁਰਮਾਨਾ ਕੀਤਾ ਜਾ ਚੁੱਕਿਆ ਹੈ।

# ਓਨਟਾਰੀਓ ਸਿੱਖਜ਼ ਕਾਊਂਸਲ ਦੇ ਗੋਬਿੰਦਰ ਰੰਧਾਵਾ ਦੇ ਪਿਤਾ ਸਮੇਤ ਸਾਬਕਾ ਫੌਜੀਆਂ ਦਾ ਭਾਰਤ ਸਰਕਾਰ ਵੱਲੋਂ ਸਨਮਾਨ


ਕਾਊਂਸਲ ਜਨਰਲ ਅਪੂਰਵਾ ਸ੍ਰੀਵਾਸਤਵ ਕੈਪਟਨ ਬਖਸ਼ੀਸ਼ ਸਿੰਘ ਰੰਧਾਵਾ ਦਾ ਸਨਮਾਨ ਕਰਨ ਮੌਕੇ।

ਟੋਰਾਂਟੋ, 10 ਸਤੰਬਰ (ਪੋਸਟ ਬਿਊਰੋ): ਕਾਊਂਸਲੇਟ ਜਨਰਲ ਆਫ ਇੰਡੀਆ ਵੱਲੋਂ 90 ਸਾਲ ਤੋਂ ਵੱਧ ਉਮਰ ਦੇ ਐਕਸ ਸਰਵਿਸਮੈਨ (ਜਿਹੜੇ ਕਾਊਂਸਲੇਟ ਜਨਰਲ ਆਫ ਇੰਡੀਆ, ਟੋਰਾਂਟੋ ਦੀ ਜਿਊਰਿਸਡਿਕਸ਼ਨ ਵਿੱਚ ਰਹਿੰਦੇ ਹਨ) ਦਾ ਸਨਮਾਨ ਕਰਨ ਲਈ ਨਵੀਂ ਪਹਿਲਕਦਮੀ "ਵਰਿਸ਼ਠ ਯੋਧਾ" ਸ਼ੁਰੂ ਕੀਤੀ ਗਈ ਹੈ। ਇਹ ਐਕਸ ਸਰਵਿਸਮੈਨ ਭਾਰਤੀ ਫੌਜ, ਨੇਵੀ ਤੇ ਏਅਰ ਫੋਰਸ ਵਿੱਚ ਸੇਵਾ ਨਿਭਾਅ ਚੁੱਕੇ ਹਨ ਤੇ ਫਿਰ ਕੈਨੇਡਾ ਮਾਈਗ੍ਰੇਟ ਕਰ ਚੁੱਕੇ ਹਨ।

ਕੋਵਿਡ-19 ਮਹਾਂਮਾਰੀ ਦੇ ਚੱਲਦਿਆਂ ਸੋਸ਼ਲ ਡਿਸਟੈਂਸਿੰਗ ਸਬੰਧੀ ਦਿਸ਼ਾ ਨਿਰਦੇਸ਼ਾਂ ਦਾ ਪਾਲਣ ਕਰਦਿਆਂ ਤੇ ਇਨ੍ਹਾਂ ਵੈਟਰਨਜ਼ ਦੀ ਸਿਹਤ ਨੂੰ ਧਿਆਨ ਵਿੱਚ ਰੱਖਦਿਆਂ ਕਾਊਂਸਲ ਜਨਰਲ ਤੇ ਕਾਊਂਸਲੇਟ ਦੇ ਅਧਿਕਾਰੀਆਂ ਵੱਲੋਂ ਇਨ੍ਹਾਂ ਵੈਟਰਨਜ਼ ਨੂੰ ਉਨ੍ਹਾਂ ਦੇ ਘਰਾਂ ਵਿੱਚ ਜਾ ਕੇ ਸਨਮਾਨਿਤ ਕੀਤਾ ਗਿਆ।

...ਬਾਕੀ ਪੰਨਾ 6 'ਤੇ

# ਟੋਰਾਂਟੋ ਤੋਂ ਕਿੰਗਸਟਨ ਤੱਕ ਉਡਾਨਾਂ ਸ਼ੁਰੂ ਕਰ ਰਹੀ ਹੈ ਫਲਾਇ-ਜੀਟੀਏ



ਟੋਰਾਂਟੋ, 10 ਸਤੰਬਰ (ਪੋਸਟ ਬਿਊਰੋ) : ਫਲਾਇ-ਜੀਟੀਏ ਵੱਲੋਂ ਅੱਜ ਤੋਂ ਬਿਲੀ ਬਿਸ਼ਪ ਏਅਰਪੋਰਟ ਤੋਂ ਕਿੰਗਸਟਨ ਤੱਕ ਉਡਾਨਾਂ ਸ਼ੁਰੂ ਕੀਤੀਆਂ ਜਾ ਰਹੀਆਂ ਹਨ।

ਇਸ ਕੈਰੀਅਰ ਵੱਲੋਂ ਵਾਟਰਲੂ, ਮਸਕੋਕਾ ਤੇ ਨਾਇਗਰਾ ਰੀਜਨ ਤੱਕ ਪਹਿਲਾਂ ਹੀ ਹਵਾਈ ਸਫਰ ਦਾ ਪ੍ਰਬੰਧ ਹੈ। ਕਿੰਗਸਟਨ ਤੱਕ ਨਵੀਂ ਉਡਾਨ ਵਿੱਚ ਸਿਰਫ 30 ਮਿੰਟ ਦਾ ਹੀ ਸਮਾਂ ਲੱਗੇਗਾ ਅਤੇ ਇਹ ਉਡਾਨ ਵੀਰਵਾਰ ਤੋਂ ਐਤਵਾਰ ਤੱਕ ਹੀ ਮੁਹੱਈਆ ਕਰਵਾਈ ਜਾਵੇਗੀ। ਇਸ ਜਹਾਜ਼ ਦੀ ਸਮਰੱਥਾ ਸਿਰਫ ਅੱਠ ਵਿਅਕਤੀਆਂ ਦੀ ਹੋਵੇਗੀ।

ਇੱਕ ਸੀਟ ਸਮਾਨ ਸਮੇਤ 64 ਡਾਲਰ ਦੀ ਪਵੇਗੀ ਤੇ ਬਿਨਾਂ ਸਮਾਨ ਤੋਂ 49 ਡਾਲਰ ਦੀ ਹੋਵੇਗੀ। ਏਅਰ ਕੈਨੇਡਾ ਨੇ ਜੂਨ ਵਿੱਚ ਇਹ ਐਲਾਨ ਕੀਤਾ ਸੀ ਕਿ ਉਹ ਕਰੋਨਾਵਾਇਰਸ ਕਾਰਨ 30 ਘਰੇਲੂ ਰੂਟ ਬੰਦ ਕਰ ਰਹੀ ਹੈ, ਜਿਸ ਵਿੱਚ ਕਿੰਗਸਟਨ ਵੀ ਸ਼ਾਮਲ ਸੀ।

# ਟੁੱਟ ਚੁੱਕਿਆ ਹੈ ਫੈਡਰਲ ਕੁਆਰਨਟੀਨ ਐਕਟ : ਫੋਰਡ



ਓਨਟਾਰੀਓ, 10 ਸਤੰਬਰ (ਪੋਸਟ ਬਿਊਰੋ) : ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਦਾ ਕਹਿਣਾ ਹੈ ਕਿ ਫੈਡਰਲ ਕੁਆਰਨਟੀਨ ਆਰਡਰਜ਼ ਨੂੰ ਸਹੀ ਢੰਗ ਨਾਲ ਲਾਗੂ ਕਰਵਾਉਣ ਲਈ ਫੈਡਰਲ ਸਰਕਾਰ ਨੂੰ ਕੋਈ ਠੋਸ ਉਪਰਾਲਾ ਕਰਨਾ ਚਾਹੀਦਾ ਹੈ।

ਫੋਰਡ ਨੇ ਆਖਿਆ ਕਿ ਉਹ ਇਸ ਲਈ ਪਰੇਸ਼ਾਨ ਹਨ ਕਿਉਂਕਿ ਮਾਰਚ ਤੋਂ ਹੀ ਓਨਟਾਰੀਓ ਵਿੱਚ 622 ਅਜਿਹੇ ਵਿਅਕਤੀਆਂ ਨੂੰ ਪੁਲਿਸ ਫੜ੍ਹ ਚੁੱਕੀ ਹੈ ਜਿਹੜੇ ਕੁਆਰਨਟੀਨ ਹੁਕਮਾਂ ਦੀ ਅਣਦੇਖੀ ਕਰ ਰਹੇ ਸਨ। ਪਰ ਇਨ੍ਹਾਂ ਵਿੱਚੋਂ ਬਹੁਤਿਆਂ ਨੂੰ ਕੋਈ ਜੁਰਮਾਨਾ ਨਹੀਂ ਲਾਇਆ ਗਿਆ। ਫੋਰਡ ਨੇ ਆਖਿਆ ਕਿ ਸਿਸਟਮ ਟੁੱਟ ਚੁੱਕਿਆ ਹੈ। ਉਨ੍ਹਾਂ ਆਖਿਆ ਕਿ ਉਹ ਚਾਹੁੰਦੇ ਹਨ ਕਿ ਫੈਡਰਲ ਸਰਕਾਰ ਇਸ ਸਿਸਟਮ ਵਿੱਚ ਸੋਧ ਕਰੇ ਜਾਂ ਇਸ ਨੂੰ ਬਦਲੀ ਕਰੇ।

ਉਨ੍ਹਾਂ ਆਖਿਆ ਕਿ ਇਸ ਦੀ ਤਾਂ ਕੋਈ ਤੁਕ ਨਹੀਂ ਬਣਦੀ ਕਿ ਪੁਲਿਸ ਪਹਿਲਾਂ ਇਹ ਵੇਖਣ ਜਾਵੇ ਕਿ ਲੋਕ ਕੁਆਰਨਟੀਨ ਨਿਯਮਾਂ ਦੀ ਪਾਲਣਾ ਕਰ ਰਹੇ ਹਨ ਜਾਂ ਨਹੀਂ ਤੇ ਫਿਰ ਉਲੰਘਣਾਂ ਕਰਨ ਵਾਲਿਆਂ 'ਤੇ ਕੋਈ ਚਾਰਜ ਲਾਏ ਬਿਨਾਂ ਮੁੜ ਆਵੇ।

# ਓਨਟਾਰੀਓ ਵਿੱਚ ਕੋਵਿਡ-19 ਦੇ ਮਾਮਲਿਆਂ ਵਿੱਚ ਹੋਇਆ ਵਾਧਾ



ਓਨਟਾਰੀਓ, 10 ਸਤੰਬਰ (ਪੋਸਟ ਬਿਊਰੋ) : ਇੱਕ ਵਾਰੀ ਫਿਰ ਓਨਟਾਰੀਓ ਵਿੱਚ ਕੋਵਿਡ-19 ਦੇ ਮਾਮਲਿਆਂ ਵਿੱਚ ਵਾਧਾ ਦਰਜ ਕੀਤਾ ਗਿਆ ਹੈ।

ਵੀਰਵਾਰ ਨੂੰ ਓਨਟਾਰੀਓ ਵਿੱਚ ਕੋਵਿਡ-19 ਦੇ 170 ਮਾਮਲੇ ਸਾਹ-ਮਣੇ ਆਏ। ਬੁੱਧਵਾਰ ਨੂੰ ਪ੍ਰੋਵਿੰਸ ਵਿੱਚ ਕੋਵਿਡ-19 ਦੇ 149 ਮਾਮਲੇ ਸਾਹ-ਮਣੇ ਆਏ ਤੇ ਕਰੋਨਾਵਾਇਰਸ ਕਾਰਨ ਇੱਕ ਮੌਤ ਵੀ ਹੋਈ। ਪ੍ਰੋਵਿੰਸ ਵਿੱਚ ਇਸ ਸਮੇਂ ਕੋਵਿਡ-19 ਦੇ 43,855 ਮਾਮਲਿਆਂ ਦੀ ਪੁਸ਼ਟੀ ਹੋ ਚੁੱਕੀ ਹੈ। 25000 ਲੋਕਾਂ ਦੇ ਟੈਸਟ ਕੀਤੇ ਜਾ ਚੁੱਕੇ ਹਨ।

ਇਸ ਦੌਰਾਨ ਟੋਰਾਂਟੋ ਵਿੱਚ ਕੋਵਿਡ-19 ਦੇ 55 ਮਾਮਲੇ, ਯੌਰਕ ਵਿੱਚ 28 ਨਵੇਂ ਮਾਮਲੇ, ਪੀਲ ਵਿੱਚ 22 ਨਵੇਂ ਮਾਮਲੇ, ਦਰਹਾਮ ਰੀਜਨ ਵਿੱਚ 13 ਨਵੇਂ ਮਾਮਲੇ ਤੇ ਓਟਵਾ ਵਿੱਚ 12 ਨਵੇਂ ਮਾਮਲੇ ਸਾਹਮਣੇ ਆਏ ਹਨ। 28 ਪਬਲਿਕ ਹੈਲਥ ਯੂਨਿਟਸ ਵੱਲੋਂ ਕੋਈ ਨਵਾਂ ਮਾਮਲਾ ਰਿਪੋਰਟ ਨਹੀਂ ਕੀਤਾ ਗਿਆ ਹੈ। 10 ਸਤੰਬਰ ਤੱਕ ਕੋਵਿਡ-19 ਦੇ 142 ਮਾਮਲੇ ਠੀਕ ਹੋਏ ਵੀ ਦੱਸੇ ਜਾਂਦੇ ਹਨ। ਪਹਿਲੀ ਅਗਸਤ ਤੋਂ ਬਾਅਦ ਵੀਰਵਾਰ ਨੂੰ ਕਰੋਨਾਵਾਇਰਸ ਦੇ ਮਾਮਲਿਆਂ ਦੀ ਗਿਣਤੀ ਤੀਜੀ ਸੱਭ ਤੋਂ ਵੱਡੀ ਗਿਣਤੀ ਰਿਕਾਰਡ ਕੀਤੀ ਗਈ।

Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Bath
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI 416.994.7272
www.allkindinsurance.com

INSURANCE
Home | Auto | Business | Trucking | Life Insurance | Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat Broker
Axxel InsuranceBrokers Ltd. 1332 Khalsa Dr, Unit # 11, Mississauga, ON L5S 0A2

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6 Brampton, ON, L6P 3W4
Open Saturday
Providing excellent quality legal services to our clients

PEST PROBLEM ?
Residential & Commercial
All Pest Control
100% Customer Satisfaction
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਸਮਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Mortgage! We Will Beat Any Rate !!!
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Brokerage Lic. 12538
Harpreet Singh Goraya Principal Broker
831 Bovaird Dr. West, Unit 25, Brampton, ON L6X 0T9 Fax : 905-216-0392

NM Money Exchange
ਦੁਨੀਆਂ ਦੇ ਕਿਸੇ ਵੀ ਕੋਨੇ ਤੋਂ ਪੈਸੇ ਮੰਗਵਾਉਣ ਅਤੇ ਭੇਜਣ ਦਾ ਮੌਕਾ ਜ਼ਰੂਰ ਦਿਓ
- Best INR Rate
- Fastest Service
- 24x7 Service
- Secure Transaction
- Special Business Account
Toll Free: 1833 823 5439 | 647 783 0049

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
- Custom Kitchen Cabinets
- Completly Furnished
- Legal Basement
- Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

ਨਵਾਂ ਘਾਹ ਲਵਾਉ
647-784-1213
www.aaalandscaping.ca
ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
ਨਵਾਂ ਘਾਹ ਲਵਾਉ
ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Royal Pest Control
Residential Commercial Industrial
Specialist in Bedbugs Service
All Pest Control :
Mouse & Rats | Spiders & Fleas | Bedbugs | Wasps | Cockroaches | Carpenter Ants | Silver Fish | Racoons
Call : PARESH PATEL
416 938 4598

KELLEY LAW OFFICE
- Immigration
- Family Law
- Corporate
- Real Estate
- Business Closing
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜ਼ਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ।
1200 Derry Road E, #15, Mississauga, ON L5T 0B3
Shinder Kelley
905-362-0755

MANN LAW FIRM
- Real Estate Law
- Wills & Estates
- Power of Attorney
- Affidavits Notarization / Declaration
- Business Law
- Family Law
- Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CALL: 905-793-2202
You can Place Your Business Here
To Reach Wider Audience


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE
TALK, TEXT &
DATA PLAN
4.5GB
$40/mo.
chatr
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
905-451-0379
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2020

# ਲਿਬਰਲਾਂ ਨੇ ਬਰੈਂਪਟਨ ਨੌਰਥ ਤੋਂ ਮੱਲ੍ਹੀ ਨੂੰ ਕੀਤਾ ਉਮੀਦਵਾਰ ਨਾਮਜ਼ਦ

ਬਰੈਂਪਟਨ, 10 ਸਤੰਬਰ (ਪੋਸਟ ਬਿਊਰੋ) : ਬਰੈਂਪਟਨ ਸਿਆਸਤ ਦਾ ਜਾਣਿਆ ਪਛਾਣਿਆ ਨਾਂ ਇੱਕ ਵਾਰੀ ਮੁੜ ਚਰਚਾ ਵਿੱਚ ਹੈ। ਇਸ ਵਾਰੀ 2022 ਦੀਆਂ ਪ੍ਰੋਵਿੰਸ਼ੀਅਲ ਚੋਣਾਂ ਵਿੱਚ ਹਿੱਸਾ ਲੈਣ ਲਈ ਇਹ ਨਾਂ ਕਾਫੀ ਸੁਰਖੀਆਂ ਬਟੋਰ ਰਿਹਾ ਹੈ।

ਓਨਟਾਰੀਓ ਦੀ ਲਿਬਰਲ ਪਾਰਟੀ ਵੱਲੋਂ ਹਰਿੰਦਰ ਮੱਲ੍ਹੀ ਨੂੰ ਬਰੈਂਪਟਨ ਨੌਰਥ ਤੋਂ ਉਮੀਦਵਾਰ ਨਾਮਜਦ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਮੱਲ੍ਹੀ 2014 ਤੋਂ 2018 ਤੱਕ ਬਰੈਂਪਟਨ-ਸਪਰਿੰਗਡੇਲ ਹਲਕੇ ਦੀ ਨੁਮਾਇੰਦਗੀ ਕਰ ਚੁੱਕੀ ਹੈ। ਇਸ ਦੇ ਨਾਲ ਹੀ ਉਹ ਮਨਿਸਟਰ ਆਫ ਦ ਸਟੇਟਸ ਆਫ ਵੂਮਨ ਵੀ ਰਹਿ ਚੁੱਕੀ ਹੈ।




ਮੱਲ੍ਹੀ ਨੇ ਨਿਊਜ਼ ਰਲੀਜ਼ ਵਿੱਚ ਆਖਿਆ ਕਿ ਓਨਟਾਰੀਓ ਦੀ ਲਿਬਰਲ ਪਾਰਟੀ ਨੂੰ ਮੁੜ ਪੈਰਾਂ ਸਿਰ ਕਰਨ ਲਈ ਕਮਿਊਨਿਟੀ ਨਾਲ ਰਲ ਕੇ ਕੰਮ ਕਰਨ ਵਾਸਤੇ ਉਹ ਕਾਫੀ ਉਤਸ਼ਾਹ ਵਿੱਚ ਹਨ। ਉਨ੍ਹਾਂ ਆਖਿਆ ਕਿ ਉਨ੍ਹਾਂ ਨੂੰ ਖੁਸ਼ੀ ਹੈ ਕਿ ਉਹ ਸਟੀਵਨ ਡੈਲ ਡੂਕਾ ਦੀ ਲੀਡਰਸ਼ਿਪ ਤਹਿਤ 2022 ਦੀਆਂ ਪ੍ਰੋਵਿੰਸ਼ੀਅਲ ਚੋਣਾਂ ਲਈ ਬਰੈਂਪਟਨ ਨੌਰਥ ਤੋਂ ਉਮੀਦਵਾਰ ਵਜੋਂ ਹਿੱਸਾ ਲਵੇਗੀ।

ਬਰੈਂਪਟਨ ਦੀਆਂ ਇਲੈਕਟੋਰਲ ਬਾਊਂਡਰੀਜ਼ ਵਿੱਚ 2015 ਵਿੱਚ ਕੀਤੀਆਂ ਗਈਆਂ ਤਬਦੀਲੀਆਂ ਤੋਂ ਬਾਅਦ ਮੱਲ੍ਹੀ ਨੇ ਬਰੈਂਪਟਨ ਨੌਰਥ ਤੋਂ ਲਿਬਰਲ ਉਮੀਦਵਾਰ ਵਜੋਂ ਚੋਣ ਲੜੀ ਸੀ। ਇਸ ਇਲਾਕੇ ਉੱਤੇ 2018 ਤੋਂ ਹੀ ਐਨਡੀਪੀ ਆਗੂ ਕੈਵਿਨ ਯਾਰਡ ਕਾਬਜ ਹਨ।

ਇੱਥੇ ਦੱਸਣਾ ਬਣਦਾ ਹੈ ਕਿ ਮੱਲ੍ਹੀ ਗੁਰਬਖਸ਼ ਮੱਲ੍ਹੀ, ਜੋ ਕਿ 1993 ਤੋਂ 2011 ਤੱਕ ਬ੍ਰਾਮੇਲੀਆ-ਗੋਰ-ਮਾਲਟਨ ਤੋਂ ਐਮਪੀ ਵਜੋਂ ਸੇਵਾ ਨਿਭਾਅ ਚੁੱਕੇ ਹਨ, ਦੀ ਧੀ ਹੈ। ਪ੍ਰੋਵਿੰਸ਼ੀਅਲ ਸਿਆਸਤ ਵਿੱਚ ਨਿੱਤਰਣ ਤੋਂ ਪਹਿਲਾਂ ਹਰਿੰਦਰ ਪੀਲ ਡਿਸਟ੍ਰਿਕਟ ਸਕੂਲ ਬੋਰਡ ਦੀ ਟਰਸਟੀ ਵੀ ਰਹਿ ਚੁੱਕੀ ਹੈ।

# ਟੋਰਾਂਟੋ ਵਿੱਚ ਸ਼ੌਰਟ ਟਰਮ ਰੈਂਟਲਜ਼ ਲਈ ਨਵੇਂ ਨਿਯਮ ਅੱਜ ਤੋਂ ਹੋਣਗੇ ਲਾਗੂ

ਟੋਰਾਂਟੋ, 10 ਸਤੰਬਰ (ਪੋਸਟ ਬਿਊਰੋ) : ਸਿਟੀ ਵਿੱਚ ਸ਼ੌਰਟ ਟਰਮ ਰੈਂਟਲਜ਼ ਲਈ ਨਵੇਂ ਨਿਯਮ ਅੱਜ ਤੋਂ ਪ੍ਰਭਾਵੀ ਹੋਣ ਜਾ ਰਹੇ ਹਨ।

ਸਿਟੀ ਆਫ ਟੋਰਾਂਟੋ ਵੱਲੋਂ ਸ਼ੌਰਟ ਟਰਮ ਰੈਂਟਲਜ਼, ਜੋ 28 ਦਿਨਾਂ ਤੋਂ ਵੀ ਘੱਟ ਸਮੇਂ ਲਈ ਭਾਵ ਥੋੜ੍ਹੇ ਸਮੇਂ ਲਈ ਆਪਣੇ ਘਰ ਕਿਰਾਏ ਉੱਤੇ ਦਿੰਦੇ ਹਨ, ਲਈ ਨਵਾਂ ਆਨਲਾਈਨ ਰਜਿਸਟ੍ਰੇਸ਼ਨ ਸਿਸਟਮ ਲਾਂਚ ਕੀਤਾ ਗਿਆ ਹੈ। ਸਖ਼ਤ ਬਾਇਲਾਅਜ਼ ਦਾ ਮਤਲਬ ਇਹ ਹੈ ਕਿ ਹੁਣ ਲੋਕ ਆਪਣੇ ਪ੍ਰਾਇਮਰੀ ਰੈਜ਼ੀਡੈਂਸ ਨੂੰ ਸ਼ੌਰਟ ਟਰਮ ਰੈਂਟਲ ਸਾਈਟਸ ਉੱਤੇ ਕਿਰਾਏ ਉੱਤੇ ਦੇ ਸਕਣਗੇ।

ਜੋ ਕੋਈ ਵੀ ਆਪਣੇ ਸਮੁੱਚੇ ਪ੍ਰਾਈਮਰੀ ਰੈਜ਼ੀਡੈਂਸ ਨੂੰ ਜੇ ਕਿਰਾਏ ਉੱਤੇ ਦੇਣਾ ਚਾਹੁੰਦਾ ਹੈ ਜਾਂ ਆਪਣੇ ਪ੍ਰਾਇਮਰੀ ਰੈਜ਼ੀਡੈਂਸ ਦੇ ਤਿੰਨ ਕਮਰਿਆਂ ਤੱਕ ਕਿਰਾਏ ਉੱਤੇ ਦੇਣਾ ਚਾਹੁੰਦਾ ਹੈ ਤਾਂ ਉਸ ਨੂੰ ਸਿਟੀ ਕੋਲ ਵੀ ਆਪਣੇ ਸ਼ੌਰਟ ਟਰਮ ਰੈਂਟਲ ਨੂੰ ਰਜਿਸਟਰ ਕਰਵਾਉਣਾ ਹੋਵੇਗਾ। ਫੇਅਰਬੀਐਨਬੀ ਗਰੁੱਪ ਦੇ ਬੁਲਾਰੇ ਨੇ ਆਖਿਆ ਕਿ ਉਹ ਇਸ ਫੈਸਲੇ ਦਾ ਦਸੰਬਰ 2017 ਤੋਂ ਇੰਤਜ਼ਾਰ ਕਰ ਰਹੇ ਹਨ।




ਹੁਣ ਲੋਕਾਂ ਕੋਲ ਸਿਟੀ ਨਾਲ ਆਪਣੇ ਘਰ ਰਜਿਸਟਰ ਕਰਵਾਉਣ ਲਹੀ 31 ਦਸੰਬਰ ਤੱਕ ਦਾ ਸਮਾਂ ਹੋਵੇਗਾ। ਉਸ ਤੋਂ ਬਾਅਦ ਸਾਰੇ ਆਪਰੇਟਰਜ਼ ਆਪਣੇ ਘਰ ਥੋੜ੍ਹੇ ਸਮੇਂ ਲਈ ਕਿਰਾਏ ਉੱਤੇ ਦੇਣ ਤੋਂ ਪਹਿਲਾਂ ਰੁਟੀਨ ਵਿੱਚ ਸਿਟੀ ਕੋਲ ਰਜਿਸਟਰ ਕਰਵਾ ਸਕਣਗੇ।

# ਪੰਜਾਬਣ ਕੁੜੀ ਮੇਘਨਾ ਨੂੰ ਇਟਲੀ ਵਿਚ ਵੱਡਾ ਮੁਕਾਮ



ਰੋਮ, 10 ਸਤੰਬਰ (ਪੋਸਟ ਬਿਊਰੋ)- ਜਿਹੜੇ ਲੋਕ ਧੀਆਂ ਦਾ ਕੁੱਖ ਵਿੱਚ ਕਤਲ ਕਰ ਦਿੰਦੇ ਹਨ, ਇਹ ਖਬਰ ਉਨ੍ਹਾਂ ਲਈ ਵਿਸ਼ੇਸ਼ ਹੈ ਕਿ ਇਟਲੀ ਦੀ ਇੱਕ ਪੰਜਾਬਣ ਨੇ ਆਪਣੀ ਯੋਗਤਾ ਦੇ ਦਮ 'ਤੇ ਆਪਣੇ ਮਾਪਿਆਂ ਦਾ ਨਾਂਅ ਇਟਲੀ ਵਿੱਚ ਰੁਸ਼ਨਾਇਆ ਹੀ ਨਹੀਂ, ਅੰਤਰਰਾਸ਼ਟਰੀ ਪੱਧਰ 'ਤੇ ਮਾਣ-ਸਨਮਾਨ ਦਾ ਵੀ ਸਬੱਬ ਬਣੀ ਹੈ।

ਇਸ ਹੋਣਹਾਰ ਪੰਜਾਬਣ ਦਾ ਨਾਂਅ ਹੈ ਮੇਘਨਾ ਚੌਧਰੀ, ਜਿਸ ਨੂੰ ਪਿੱਛੇ ਜਿਹੇ ਅੰਤਰ ਰਾਸ਼ਟਰੀ ਹਵਾਬਾਜ਼ੀ ਕਾਨੂੰਨ ਦੇ ਕੇਸਾਂ ਨੂੰ ਆਪਣੀ ਸਹਾਇਤਾ ਦੇਣ ਲਈ ਸਲਾਹਕਾਰ ਨਿਯੁਕਤ ਕੀਤਾ ਗਿਆ ਹੈ। ਇਹ ਨਿਯੁਕਤੀ ਵਾਟਸਨ ਫਾਰਲੀ ਐਂਡ ਵਿਲੀਅਮਜ਼ ਇੰਟਰਨੈਸ਼ਨਲ ਲਾਅ ਫਰਮ ਨੇ ਮੇਘਨਾ ਚੌਧਰੀ ਦੀ ਯੋਗਤਾ ਨੂੰ ਦੇਖਦੇ ਹੋਏ ਕੀਤੀ ਹੈ। ਮੇਘਨਾ ਚੌਧਰੀ ਆਪਣੇ ਪਿਤਾ ਜਗਦੀਪ ਰਾਣਾ ਅਤੇ ਮਾਤਾ ਪਾਮੀਲਾ ਦੇਵੀ ਨਾਲ ਵਿਰੋਨਾ ਜ਼ਿਲ੍ਹਾ ਦੇ ਕਸਬਾ ਨੰਗਰੋਲਾ ਰੋਕਾ ਵਿਖੇ ਰਹਿ ਰਹੀ ਹੈ, ਜਿਸ ਨੇ ਲਾਅ ਦੀ ਪੜ੍ਹਾਈ ਦੀ ਸ਼ੁਰੂਆਤ ਵਿਰੋਨਾ ਤੋਂ ਕੀਤੀ ਅਤੇ ਫਿਰ ਇੰਟਰਨੈਸ਼ਨਲ ਲਾਅ ਦੇ ਦਾਅ-ਪੇਚ ਸਿੱਖਣ ਦੀ ਮੁਹਾਰਤ ਬਰਤਾਨੀਆ ਅਤੇ ਫਿਨਲੈਂਡ ਜਾ ਕੇ ਹਾਸਲ ਕੀਤੀ ਸੀ। ਮੇਘਨਾ ਚੌਧਰੀ ਪੰਜਾਬ ਦੇ ਜ਼ਿਲ੍ਹਾ ਰੋਪੜ ਦੇ ਸ਼ਹਿਰ ਮੋਰਿਡਾ ਨਾਲ ਸਬੰਧਤ ਹੈ ਜੋ ਇਟਲੀ ਦੀ ਪਹਿਲੀ ਪੰਜਾਬਣ ਹੈ ਜਿਸ ਨੂੰ ਅੰਤਰਰਾਸ਼ਟਰੀ ਹਵਾਬਾਜ਼ੀ ਕਾਨੂੰਨ ਦੇ ਕੇਸਾਂ ਨੂੰ ਸਹਾਇਤਾ ਦੇਣ ਲਈ ਸਲਾਹਕਾਰ ਨਿਯੁਕਤ ਕੀਤਾ ਗਿਆ ਹੈ। ਵਾਟਸਨ ਫਾਰਲੀ ਐਂਡ ਵਿਲੀਅਮਜ਼ ਨੇ ਚਾਰ ਨਵੇਂ ਵਕੀਲ ਮੈਟੀਓ ਕੈਸੀਨੀ, ਅਲੇਸੈਂਡ੍ਰੋ ਡੀ ਕਾਰਲੋ, ਆਇਰੀਨ ਡੀ ਬੇਨੀ ਅਤੇ ਮੇਘਨਾ ਚੌਧਰੀ ਨੂੰ ਸ਼ਾਮਲ ਕੀਤਾ ਹੈ ਜਦਕਿ ਹਵਾਬਾਜ਼ੀ ਕਾਨੂੰਨ, ਕਾਰੋਬਾਰੀ ਅੰਤਰ ਰਾਸ਼ਟਰੀਕਰਨ ਅਤੇ ਮੁਕੱਦਮੇਬਾਜ਼ੀ ਵਿੱਚ ਮਾਹਰ ਵਕੀਲ ਡੀ ਕਾਰਲੋ ਸੀਨੀਅਰ ਸਹਾਇਕ ਵਜੋਂ ਕੰਮ ਕਰਨਗੇ।

# ਅਗਲੇ ਹਫਤੇ ਕੈਨੇਡਾ ਆ ਰਿਹਾ ਹੈ ਪੌਪੇਈਜ਼ ਚਿਕਨ ਸੈਂਡਵਿੱਚ



ਓਨਟਾਰੀਓ, 10 ਸਤੰਬਰ (ਪੋਸਟ ਬਿਊਰੋ) : ਚਿਕਨ ਨੂੰ ਪਸੰਦ ਕਰਨ ਵਾਲਿਆਂ ਲਈ ਇੱਕ ਚੰਗੀ ਖਬਰ ਹੈ, ਉਹ ਇਹ ਕਿ ਪੌਪੇਈਜ਼ ਚਿਕਨ ਸੈਂਡਵਿੱਚ ਸੋਮਵਾਰ ਤੋਂ ਕੈਨੇਡਾ ਆ ਰਿਹਾ ਹੈ। ਇਹ ਦੇਸ਼ ਭਰ ਦੀਆਂ 230 ਰੈਸਟੋਰੈਂਟ ਲੋਕੇਸ਼ਨਾਂ ਉੱਤੇ ਮਿਲਿਆ ਕਰੇਗਾ।

ਇਹ ਐਲਾਨ ਉਸ ਸਮੇਂ ਕੀਤਾ ਗਿਆ ਜਦੋਂ ਕੇਐਫਸੀ ਕੈਨੇਡਾ ਵੱਲੋਂ ਪੌਪੇਈਜ਼ ਦੇ ਮੁਕਾਬਲੇ ਵਿੱਚ ਆਪਣੇ ਮੈਨਿਊ ਵਿੱਚ ਚਿਕਨ ਸੈਂਡਵਿੱਚ ਸ਼ਾਮਲ ਕੀਤਾ ਗਿਆ। ਪੌਪੇਈਜ਼ ਨੇ ਆਖਿਆ ਕਿ 2019 ਵਿੱਚ ਸਰਹੱਦ ਤੋਂ ਉੱਤਰ ਵੱਲ ਲਾਂਚ ਕਰਨ ਤੋਂ ਬਾਅਦ ਉਨ੍ਹਾਂ ਦੇ ਇਸ ਸੈਂਡਵਿੱਚ ਨੂੰ ਕਾਫੀ ਪਸੰਦ ਕੀਤਾ ਗਿਆ ਹੈ ਤੇ ਇਸ ਤੋਂ ਇਲਾਵਾ ਅਲਬਰਟਾ ਤੇ ਦੱਖਣੀ ਓਨਟਾਰੀਓ ਵਿੱਚ ਵੀ ਉਨ੍ਹਾਂ ਦਾ ਪਾਇਲਟ ਪ੍ਰੋਗਰਾਮ ਕਾਫੀ ਸਫਲ ਰਿਹਾ ਹੈ।

ਪੌਪੇਈਜ਼ ਲੁਜ਼ੀਆਨਾ ਕਿਚਨ ਕੈਨੇਡਾ ਦੇ ਜਨਰਲ ਮੈਨੇਜਰ ਰੌਬ ਮੈਨੂਅਲ ਨੇ ਆਖਿਆ ਕਿ ਅਜਿਹੇ ਸਮੇਂ ਵਿੱਚ ਲੋਕਾਂ ਨੂੰ ਚੰਗੀ ਖਬਰ ਸੁਣਾਉਣ ਤੋਂ ਵਧੀਆ ਹੋਰ ਕੀ ਹੋ ਸਕਦਾ ਹੈ। ਅਸੀ ਸਾਰਿਆਂ ਦੇ ਬਹੁਤ ਸ਼ੁਕਰਗੁਜ਼ਾਰ ਹਾਂ ਕਿ ਕੈਨੇਡਾ ਵਿੱਚ ਆਪਣੇ ਕਾਰੋਬਾਰ ਤੇ ਫੈਨ ਬੇਸ ਨੂੰ ਵਧਾਉਣ ਦਾ ਸਾਨੂੰ ਮੌਕਾ ਮਿਲ ਰਿਹਾ ਹੈ।

# ਸਿਟੀ ਦੇ ਪੱਛਮੀ ਸਿਰੇ 'ਤੇ ਚੱਲੀ ਗੋਲੀ, ਇੱਕ ਹਲਾਕ




ਟੋਰਾਂਟੋ, 10 ਸਤੰਬਰ (ਪੋਸਟ ਬਿਊਰੋ) : ਸਿਟੀ ਦੇ ਪੱਛਮ ਵੱਲ ਦਿਨ ਦਿਹਾੜੇ ਵਾਪਰੀ ਗੋਲੀ ਚੱਲਣ ਦੀ ਘਟਨਾ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ।

ਵਾਲਮਾਰਟ ਦੇ ਪਾਰਕਿੰਗ ਲੌਟ ਵਿੱਚ ਦੁਪਹਿਰੇ 2:00 ਵਜੇ ਤੋਂ ਪਹਿਲਾਂ ਗੋਲੀ ਚੱਲਣ ਦੀਆਂ ਰਿਪੋਰਟਸ ਦੇ ਕੇ ਪੁਲਿਸ ਨੂੰ ਸੇਂਟ ਕਲੇਅਰ ਐਵਨਿਊ ਵੈਸਟ ਤੇ ਮੋਲਡ ਐਵਨਿਊ ਸੱਦਿਆ ਗਿਆ। ਮੌਕੇ ਉੱਤੇ ਮੌਜੂਦ ਚਸ਼ਮਦੀਦਾਂ ਨੇ ਦੱਸਿਆ ਕਿ ਪਾਰਕਿੰਗ ਵਿੱਚ ਹੀ ਉਨ੍ਹਾਂ ਨੂੰ ਦੋ ਵਿਅਕਤੀ ਇੱਕ ਮਿੰਟ ਤੱਕ ਬਹਿਸਦੇ ਸੁਣਾਈ ਦਿੱਤੇ। ਇਸ ਤੋਂ ਕੁੱਝ ਦੇਰ ਬਾਅਦ ਹੀ ਗੋਲੀਆਂ ਚੱਲਣ ਦੀਆਂ ਆਵਾਜ਼ਾਂ ਆਈਆਂ।

ਗੋਲੀ ਚੱਲਣ ਤੋਂ ਕੁੱਝ ਦੇਰ ਬਾਅਦ ਹੀ ਕੋਈ ਵਿਅਕਤੀ ਕਾਰ ਵਿੱਚ ਬੈਠ ਕੇ ਉੱਥੋਂ ਫਰਾਰ ਹੋ ਗਿਆ। ਕਾਰ ਨੂੰ ਆਖਰੀ ਵਾਰੀ ਸੇਂਟ ਕਲੇਅਰ ਉੱਤੇ ਪੱਛਮ ਵੱਲ ਜਾਂਦਿਆਂ ਵੇਖਿਆ ਗਿਆ। ਮਾਮਲੇ ਦੀ ਜਾਂਚ ਦੀ ਜ਼ਿੰਮੇਵਾਰੀ ਹੋਮੀਸਾਈਡ ਡਿਟੈਕਟਿਵਸ ਨੇ ਲੈ ਲਈ ਹੈ।

# ਮਹਿਲਾ ਦੇ ਡਰਿੰਕ 'ਚ ਹਾਨੀਕਾਰਕ ਪਦਾਰਥ ਮਿਲਾਉਣ ਵਾਲਾ ਵਿਅਕਤੀ ਗ੍ਰਿਫਤਾਰ

ਟੋਰਾਂਟੋ, 10 ਸਤੰਬਰ (ਪੋਸਟ ਬਿਊਰੋ) : ਇੱਕ ਮਹਿਲਾ ਦੇ ਡਰਿੰਕ ਵਿੱਚ ਕੋਈ ਨਸ਼ੀਲਾ ਪਦਾਰਥ ਮਿਲਾਉਣ ਵਾਲੇ ਵਿਅਕਤੀ ਨੂੰ ਟੋਰਾਂਟੋ ਪੁਲਿਸ ਵੱਲੋਂ ਗ੍ਰਿਫਤਾਰ ਕੀਤਾ ਗਿਆ ਹੈ।

ਅਧਿਕਾਰੀਆਂ ਨੇ ਦੱਸਿਆ ਕਿ ਐਡੀਲੇਡ ਤੇ ਜੌਹਨ ਸਟਰੀਟ ਨੇੜੇ ਸਥਿਤ ਇੱਕ ਬਾਰ ਵਿੱਚ ਬੀਤੇ ਦਿਨੀਂ ਇਹ ਘਟਨਾ ਵਾਪਰੀ। ਪੁਲਿਸ ਨੇ ਦੱਸਿਆ ਕਿ ਇਹ ਵਿਅਕਤੀ ਡੇਟਿੰਗ ਐਪ ਰਾਹੀਂ ਸਬੰਧਤ ਮਹਿਲਾ ਨੂੰ ਮਿ-ਲਿਆ ਸੀ। ਫਿਰ ਦੋਵਾਂ ਨੇ ਡੇਟ ਕਰਨ ਲਈ ਸਹਿਮਤੀ ਪ੍ਰਗਟਾਈ। ਇਹ ਦੋਸ਼ ਲਾਇਆ ਗਿਆ ਹੈ ਕਿ ਜਦੋਂ ਮਹਿਲਾ ਵਾਸ਼ਰੂਮ ਗਈ ਤਾਂ ਇਸ ਵਿਅਕਤੀ ਨੇ ਉਸ ਦੇ ਡਰਿੰਕ ਵਿੱਚ ਕੋਈ ਹਾਨੀਕਾਰਕ ਚੀਜ਼ ਮਿਲਾ ਦਿੱਤੀ।



ਪੁਲਿਸ ਨੇ ਦੱਸਿਆ ਕਿ ਜਦੋਂ ਮਹਿਲਾ ਪਰਤੀ ਤਾਂ ਬਾਰ ਦੇ ਕਰਮਚਾਰੀਆਂ ਵੱਲੋਂ ਉਸ ਨੂੰ ਉਹ ਡਰਿੰਕ ਨਾ ਪੀਣ ਲਈ ਆਖਿਆ ਗਿਆ। ਇਸ ਸਬੰਧ ਵਿੱਚ ਟੋਰਾਂਟੋ ਦੇ 32 ਸਾਲਾ ਨਿੱਕੀ ਸ਼ਕੇਰੀ ਨੇ ਪੁਲਿਸ ਅੱਗੇ ਆਤਮ ਸਮਰਪਣ ਕਰ ਦਿੱਤਾ। ਉਸ ਉੱਤੇ ਸ਼ਰਾਰਤ ਕਰਨ ਤੇ ਹਾਨੀਕਾਰਕ ਪਦਾਰਥ ਦੀ ਵਰਤੋਂ ਕਰਨ ਸਬੰਧੀ ਚਾਰਜ ਲਾਇਆ ਗਿਆ ਹੈ। ਇਸ ਮਾਮਲੇ ਦੀ ਜਾਂਚ ਅਜੇ ਚੱਲ ਰਹੀ ਹੈ।

# ਬਾਥਰਸਟ ਤੇ ਵਿਲਸਨ ਨੇੜੇ ਚੱਲੀ ਗੋਲੀ, 2 ਜ਼ਖ਼ਮੀ




ਓਨਟਾਰੀਓ, 10 ਸਤੰਬਰ (ਪੋਸਟ ਬਿਊਰੋ) : ਬਾਥਰਸਟ ਸਟਰੀਟ ਤੇ ਵਿਲਸਨ ਐਵਨਿਊ ਨੇੜੇ ਚੱਲੀ ਗੋਲੀ ਵਿੱਚ ਦੋ ਵਿਅਕਤੀ ਜ਼ਖ਼ਮੀ ਹੋ ਗਏ।

ਗੋਲੀ ਚੱਲਣ ਦੀਆਂ ਆਵਾਜ਼ਾਂ ਸੁਣਨ ਤੋਂ ਬਾਅਦ ਰਾਤੀਂ 9:30 ਵਜੇ ਪੁਲਿਸ ਨੂੰ ਵਿਲਸਨ ਤੇ ਸਟੈਡਾਕੋਨਾ ਡਰਾਈਵ ਉੱਤੇ ਪੁਲਿਸ ਨੂੰ ਸੱਦਿਆ ਗਿਆ। ਇੱਕ ਵਿਅਕਤੀ, ਜਿਸ ਨੂੰ ਗੋਲੀ ਲੱਗੀ ਸੀ, ਨੇੜਲੇ ਰੈਸਟੋਰੈਂਟ ਗਿਆ। ਪੁਲਿਸ ਨੇ ਦੱਸਿਆ ਕਿ ਇੱਕ ਵਿਅਕਤੀ ਆਪਣੇ 20ਵਿਆਂ ਦੇ ਸ਼ੁਰੂ ਵਿੱਚ ਸੀ ਤੇ ਉਸ ਦੀ ਹਾਲਤ ਕਾਫੀ ਗੰਭੀਰ ਸੀ। ਇੱਕ ਹੋਰ ਵਿਅਕਤੀ ਦੀ ਪਿੱਠ ਨਾਲ ਗੋਲੀ ਖਹਿ ਕੇ ਲੰਘ ਗਈ ਤੇ ਉਸ ਦਾ ਮੌਕੇ ਉੱਤੇ ਹੀ ਇਲਾਜ ਕੀਤਾ ਗਿਆ। ਇਸ ਦੌਰਾਨ ਇੱਕ ਸ਼ੱਕੀ ਲਾਲ ਰੰਗ ਦੀ ਸੇਡਾਨ ਨੂੰ ਕੋਲੀਜ਼ਨ ਬੋਲੀਵੀਆਰਡ ਵੱਲ ਜਾਂਦਿਆਂ ਵੀ ਵੇਖਿਆ ਗਿਆ। ਕਿਸੇ ਹੋਰ ਮਸ਼ਕੂਕ ਸਬੰਧੀ ਕੋਈ ਜਾਣਕਾਰੀ ਅਜੇ ਹਾਸਲ ਨਹੀਂ ਹੋ ਸਕੀ।

# ਦਰਹਾਮ ਕਾਲਜ ਦੇ ਦੋ ਵਿਦਿਆਰਥੀ ਨਿਕਲੇ ਕਰੋਨਾ ਪਾਜ਼ੀਟਿਵ




ਦਰਹਾਮ, 10 ਸਤੰਬਰ (ਪੋਸਟ ਬਿਊਰੋ) : ਦਰਹਾਮ ਕਾਲਜ ਦੇ ਦੋ ਵਿਦਿਆਰਥੀ ਕੋਵਿਡ-19 ਪਾਜ਼ੀਟਿਵ ਪਾਏ ਗਏ ਹਨ। ਪਰ ਇਹ ਦੱਸਿਆ ਗਿਆ ਹੈ ਕਿ ਉਹ ਦੋਵੇਂ ਹੀ ਕਾਲਜ ਨਹੀਂ ਆਏ।

ਕਾਲਜ ਦੀ ਵੈੱਬਸਾਈਟ ਉੱਤੇ ਪੋਸਟ ਕੀਤੇ ਗਏ ਪੱਤਰ ਵਿੱਚ ਆਖਿਆ ਗਿਆ ਕਿ ਇਹ ਵਿਦਿਆਰਥੀ ਕੈਂਪਸ ਵਿੱਚ ਦਾਖਲ ਹੀ ਨਹੀਂ ਹੋਏ। ਦੋਵਾਂ ਨੂੰ ਹੀ ਕੁਆਰਨਟੀਨ ਕੀਤਾ ਗਿਆ ਹੈ ਤੇ ਦੋਵੇਂ ਆਪਣੇ ਘਰਾਂ ਵਿੱਚ ਸੈਲਫ ਆਈਸੋਲੇਟ ਹਨ। ਇਹ ਵੀ ਆਖਿਆ ਗਿਆ ਕਿ ਜਿਹੜਾ ਵੀ ਕੋਈ ਵਿਦਿਆਰਥੀ ਇਨ੍ਹਾਂ ਦੋਵਾਂ ਦੇ ਸੰਪਰਕ ਵਿੱਚ ਆਇਆ ਹੋਵੇਗਾ ਉਸ ਬਾਰੇ ਪਬਲਿਕ ਹੈਲਥ ਰਾਹੀਂ ਨੋਟੀਫਾਈ ਕੀਤਾ ਜਾਵੇਗਾ।

ਇਸ ਤੋਂ ਇਲਾਵਾ ਇਹ ਵੀ ਦੱਸਿਆ ਗਿਆ ਕਿ ਇੱਕ ਹੋਰ ਵਿਦਿਆਰਥੀ ਇਨ੍ਹਾਂ ਦੋਵਾਂ ਦੇ ਸੰਪਰਕ ਵਿੱਚ ਆਇਆ ਹੋ ਸਕਦਾ ਹੈ। ਇਹ ਵਿਦਿਆਰਥੀ ਤੇ ਉਸ ਦੇ ਰੂਮਮੇਟ ਹੁਣ ਵੱਖਰੇ ਰੈਜ਼ੀਡੈਂਸਿਜ਼ ਵਿੱਚ ਸੈਲਫ ਆਈਸੋਲੇਟ ਹੋ ਕੇ ਰਹਿ ਰਹੇ ਹਨ। ਪੱਤਰ ਵਿੱਚ ਇਹ ਵੀ ਲਿਖਿਆ ਗਿਆ ਕਿ ਕੈਂਪਸ ਕਮਿਊਨਿਟੀ ਨੂੰ ਇਸ ਦਾ ਖਤਰਾ ਬਹੁਤ ਘੱਟ ਹੈ।

# ਅਫਗਾਨੀ ਉਪ ਰਾਸ਼ਟਰਪਤੀ ਨੂੰ ਨਿਸ਼ਾਨਾ ਬਣਾ ਕੇ ਕੀਤੇ ਧਮਾਕੇ ਦੀ ਮਾਰ ਹੇਠ 10 ਮੌਤਾਂ

ਕਾਬੁਲ, 10 ਸਤੰਬਰ (ਪੋਸਟ ਬਿਊਰੋ)- ਅਫਗਾਨਿਸਤਾਨ ਦੀ ਰਾਜਧਾਨੀ ਕਾਬਲ ਵਿੱਚ ਪਹਿਲੇ ਉਪ ਰਾਸ਼ਟਰਪਤੀ ਦੇ ਕਾਫਲੇ ਨੂੰ ਨਿਸ਼ਾਨਾ ਬਣਾ ਕੇ ਕੀਤੇ ਬੰਬ ਧਮਾਕੇ ਵਿੱਚ 10 ਨਾਗਰਿਕਾਂ ਦੀ ਮੌਤ ਹੋ ਗਈ ਤੇ ਇਸ ਮੌਕੇ ਉਪ ਰਾਸ਼ਟਰਪਤੀ ਅਮਰੁਉਲ੍ਹਾ ਸਾਲੇਹ ਦੇ ਬਾਡੀਗਾਰਡਾਂ ਸਮੇਤ ਘੱਟ ਤੋਂ ਘੱਟ 31 ਲੋਕ ਜ਼ਖਮੀ ਹੋ ਗਏ। ਗ੍ਰਹਿ ਮੰਤਰਾਲੇ ਦੇ ਅਧਿਕਾਰੀਆਂ ਨੇ ਦੱਸਿਆ ਕਿ ਕਿਸੇ ਸੰਗਠਨ ਨੇ ਤੁਰੰਤ ਹਮਲੇ ਦੀ ਜ਼ਿੰਮੇਵਾਰੀ ਨਹੀਂ ਲਈ ਅਤੇ ਤਾਲਿਬਾਨ ਨੇ ਹਮਲੇ ਵਿੱਚ ਭੂਮਿਕਾ ਤੋਂ ਇਨਕਾਰ ਕੀਤਾ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

# ਕੈਨੇਡਾ ਵਿੱਚ ਆਪਣਾ ਕੰਮਕਾਜ ਬੰਦ ਕਰੇਗੀ ਵੂਈ ਚੈਰਿਟੀ



ਓਟਵਾ, 10 ਸਤੰਬਰ (ਪੋਸਟ ਬਿਊਰੋ) : ਵੂਈ ਚੈਰਿਟੀ ਦਾ ਕਹਿਣਾ ਹੈ ਕਿ ਉਨ੍ਹਾਂ ਵੱਲੋਂ ਕੈਨੇਡਾ ਵਿੱਚ ਆਪਣੇ ਆਪਰੇਸ਼ਨਜ਼ ਬੰਦ ਕੀਤੇ ਜਾ ਰਹੇ ਹਨ। ਵੂਈ ਚੈਰਿਟੀ ਕੋਵਿਡ-19 ਮਹਾਂਮਾਰੀ ਦੇ ਨਾਲ ਨਾਲ ਲਿਬਰਲ ਸਰਕਾਰ ਵੱਲੋਂ ਬਹੁਕਰੋੜੀ ਸਟੂਡੈਂਟ ਵਾਲੰਟੀਅਰ ਪ੍ਰੋਗਰਾਮ ਵਾਪਿਸ ਲੈਣ ਨੂੰ ਵੀ ਆਪਣੇ ਇਸ ਫੈਸਲੇ ਦਾ ਕਾਰਨ ਦੱਸ ਰਹੀ ਹੈ। ਚੈਰਿਟੀ ਨੇ ਆਖਿਆ ਕਿ ਇਸ ਤਰ੍ਹਾਂ ਪ੍ਰੋਗਰਾਮ ਵਾਪਿਸ ਲਏ ਜਾਣ ਨਾਲ ਉਨ੍ਹਾਂ ਨੂੰ ਵਿੱਤੀ ਤੌਰ ਉੱਤੇ ਕਾਫੀ ਨੁਕਸਾਨ ਹੋਇਆ ਹੈ। ਵੂਈ ਚੈਰਿਟੀ ਦੇ ਬਾਨੀ ਕ੍ਰੇਗ ਤੇ ਮਾਰਕ ਕੇਲਬਰਗਰ ਵੱਲੋਂ ਇਸ ਆਰਗੇਨਾਈਜ਼ੇਸ਼ਨ ਤੋਂ ਪਾਸੇ ਹੋਣ ਦੀ ਵੀ ਤਿਆਰੀ ਕੀਤੀ ਜਾ ਰਹੀ ਹੈ। ਬੁੱਧਵਾਰ ਨੂੰ ਦੋਵਾਂ ਨੇ ਆਪਣੇ ਇਸ ਫੈਸਲੇ ਬਾਰੇ ਖੁੱਲ੍ਹਾ ਪੱਤਰ ਜਾਰੀ ਕਰਕੇ ਸਾਰਿਆਂ ਨੂੰ ਇਤਲਾਹ ਦਿੱਤੀ। ਉਨ੍ਹਾਂ ਆਖਿਆ ਕਿ ਕੋਵਿਡ-19 ਕਾਰਨ ਸਾਡੇ ਕੰਮ ਦਾ ਹਰੇਕ ਪੱਖ ਪ੍ਰਭਾਵਿਤ ਹੋਇਆ ਹੈ। ਇਸ ਤੋਂ ਇਲਾਵਾ ਅਸੀਂ ਸਿਆਸੀ ਖਿੱਚੋਤਾਣ ਦਾ ਸ਼ਿਕਾਰ ਹੋਏ ਹਾਂ, ਸਾਨੂੰ ਕੈਨੇਡਾ ਸਟੂਡੈਂਟ ਸਰਵਿਸ ਗ੍ਰਾਂਟ ਪ੍ਰੋਗਰਾਮ ਦੇ ਕੇ ਵਾਪਿਸ ਲੈ ਲਿਆ ਗਿਆ। ਇਸ ਨਾਲ ਚੈਰਿਟੀ ਦਾ ਵਿੱਤੀ ਤਾਣਾ ਬਾਣਾ ਉਲਝ ਗਿਆ।

ਟੋਰਾਂਟੋ ਸਥਿਤ ਇਸ ਯੂਥ ਆਰਗੇਨਾਈਜ਼ੇਸ਼ਨ ਨੇ ਬੁੱਧਵਾਰ ਨੂੰ ਇਹ ਖਬਰ ਆਪਣੇ ਕੈਨੇਡਾ ਵਾਲੇ ਸਟਾਫ ਨਾਲ ਸਾਂਝੀ ਕੀਤੀ। ਉਨ੍ਹਾਂ ਇਹ ਵੀ ਦੱਸਿਆ ਕਿ ਬ੍ਰਿਟੇਨ ਤੇ ਯੂਐਸ ਵਿੱਚ ਵੂਈ ਦੇ ਆਪਰੇਸ਼ਨਜ਼ ਉੱਤੇ ਹਾਲ ਦੀ ਘੜੀ ਇਸ ਦਾ ਕੋਈ ਅਸਰ ਨਹੀਂ ਹੋਵੇਗਾ। ਨਾ ਹੀ ਲੀਡਰਸ਼ਿਪ ਕੋਰਸਾਂ, ਰਿਟੇਲ ਸੇਲਜ਼ ਤੇ ਟਰੈਵਲ ਪ੍ਰੋਗਰਾਮਜ਼ ਰਾਹੀਂ ਪੈਸੇ ਕਮਾਉਣ ਵਾਲੇ ਮੀ ਟੂ ਵੂਈ ਸੰਸਥਾ ਨੂੰ ਹੀ ਕੋਈ ਨੁਕਸਾਨ ਹੋਵੇਗਾ।

# ਟਰੂਡੋ ਨੇ ਕੀਤਾ ਬਲੈਕ ਕੈਨੇਡੀਅਨ ਕਾਰੋਬਾਰੀਆਂ ਦੀ ਮਦਦ ਲਈ ਨਵੇਂ ਨੈਸ਼ਨਲ ਪ੍ਰੋਗਰਾਮ ਦਾ ਐਲਾਨ

ਓਟਵਾ, 10 ਸਤੰਬਰ (ਪੋਸਟ ਬਿਊਰੋ) : ਫੈਡਰਲ ਸਰਕਾਰ ਵੱਲੋਂ ਅੱਜ ਤੋਂ ਨਵਾਂ ਨੈਸ਼ਨਲ ਪ੍ਰੋਗਰਾਮ ਲਿਆਂਦਾ ਜਾ ਰਿਹਾ ਹੈ ਜਿਸ ਤਹਿਤ ਬਲੈਕ ਕੈਨੇਡੀਅਨਜ਼ ਨੂੰ ਨੈਸ਼ਨਲ ਬੈਂਕਜ਼ ਤੋਂ ਲੋਨ ਲੈਣਾ ਸੁਖਾਲਾ ਹੋ ਜਾਵੇਗਾ।

ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਇਹ ਐਲਾਨ ਕਰਦਿਆਂ ਆਖਿਆ ਕਿ ਕੋਵਿਡ-19 ਮਹਾਂਮਾਰੀ ਕਾਰਨ ਬਲੈਕ ਕੈਨੇਡੀਅਨਜ਼ ਕਾਫੀ ਪ੍ਰਭਾਵਿਤ ਹੋਏ ਹਨ ਤੇ ਕੈਨੇਡਾ ਵਿੱਚ ਉਨ੍ਹਾਂ ਨਾਲ ਕਥਿਤ ਤੌਰ ਉੱਤੇ ਹੋਣ

## ਬਲੈਕ ਕੈਨੇਡੀਅਨਜ਼ ਨੂੰ ਨੈਸ਼ਨਲ ਬੈਂਕਜ਼ ਤੋਂ ਲੋਨ ਲੈਣਾ ਹੋਵੇਗਾ ਸੁਖਾਲਾ

ਵਾਲੀ ਅਸਮਾਨਤਾ ਉੱਤੇ ਚਰਚਾ ਛਿੜ ਗਈ ਹੈ।

ਨਵੇਂ ਪ੍ਰੋਗਰਾਮ ਤਹਿਤ 53 ਮਿਲੀਅਨ ਡਾਲਰ ਬਲੈਕ ਬਿਜ਼ਨਸ ਆਰਗੇਨਾਈਜ਼ੇਸ਼ਨ ਨੂੰ ਦਿੱਤੇ ਜਾਣਗੇ ਤਾਂ ਕਿ ਕਾਰੋਬਾਰੀਆਂ ਦੀ ਫੰਡਿੰਗ, ਮੈਂਟਰਸ਼ਿਪ, ਫਾਇਨਾਂਸ਼ੀਅਲ ਪਲੈਨਿੰਗ ਤੇ ਬਿਜ਼ਨਸ ਟਰੇਨਿੰਗ ਵਿੱਚ ਮਦਦ ਹੋ ਸਕੇ। ਇਸ ਤੋਂ ਇਲਾਵਾ 6.5 ਮਿਲੀਅਨ ਡਾਲਰ ਬਲੈਕ ਐਂਟਰਪ੍ਰਿਨਿਓਰਸ਼ਿਪ ਸਬੰਧੀ ਡਾਟਾ ਇੱਕਠਾ ਕਰਲ ਉੱਤੇ ਖਰਚ ਕੀਤਾ ਜਾਵੇਗਾ ਤੇ ਇਹ ਪਤਾ ਲਾਇਆ ਜਾਵੇਗਾ ਕਿ ਕਾਰੋਬਾਰ ਵਿੱਚ ਬਲੈਕ ਕੈਨੇਡੀਅਨਾਂ ਨੂੰ ਸਫਲ ਹੋਣ ਤੋਂ ਰੋਕਣ ਲਈ ਕਿਹੜੇ ਅੜਿੱਕੇ ਪੇਸ਼ ਆਉਂਦੇ ਹਨ।




ਓਟਵਾ ਤੇ ਅੱਠ ਵੱਡੇ ਫਾਇਨਾਂਸ਼ੀਅਲ ਇੰਸਟੀਚਿਊਸ਼ਨਜ਼ ਵੱਲੋਂ ਬਲੈਕ ਕਾਰੋਬਾਰੀਆਂ ਲਈ ਲੋਨ ਪ੍ਰੋਗਰਾਮ ਤਿਆਰ ਕਰਨ ਵਾਸਤੇ ਹਾਮੀ ਭਰੀ ਗਈ ਹੈ ਜਿਸ ਤਹਿਤ ਬਲੈਕ ਕਾਰੋਬਾਰੀਆ ਨੂੰ 25000 ਡਾਲਰ ਤੇ 250,000 ਡਾਲਰ ਦਰਮਿਆਨ ਲੋਨ ਦਿੱਤਾ ਜਾ ਸਕੇਗਾ।

# ਪ੍ਰਤੀ ਲੀਟਰ 1 ਡਾਲਰ ਤੋਂ ਘੱਟ ਰਹੀਆਂ ਹਨ ਗੈਸ ਦੀਆਂ ਕੀਮਤਾਂ



ਟੋਰਾਂਟੋ, 10 ਸਤੰਬਰ (ਪੋਸਟ ਬਿਊਰੋ) : ਅੱਜ ਰਾਤ ਤੋਂ ਗੈਸ ਦੀਆਂ ਕੀਮਤਾਂ ਵਿੱਚ ਤਿੰਨ ਸੈਂਟ ਦੀ ਕਟੌਤੀ ਕੀਤੀ ਜਾ ਰਹੀ ਹੈ। ਜੀਟੀਏ ਦੇ ਬਹੁਤੇ ਗੈਸ ਸਟੇਸ਼ਨਜ਼ ਉੱਤੇ ਹੁਣ ਗੈਸ ਦੀ ਕੀਮਤ 99.9 ਸੈਂਟ ਪ੍ਰਤੀ ਲੀਟਰ ਹੋਣ ਜਾ ਰਹੀ ਹੈ। ਜੂਨ ਤੋਂ ਬਾਅਦ ਅਜਿਹਾ ਪਹਿਲੀ ਵਾਰੀ ਹੋਇਆ ਹੈ ਕਿ ਗੈਸ ਦੀਆਂ ਕੀਮਤਾਂ ਇੱਕ ਡਾਲਰ ਤੋਂ ਘਟੀਆਂ ਹੋਣ।

# ਓਕਵਿਲ ਦੇ ਐਲੀਮੈਂਟਰੀ ਸਕੂਲ ਦਾ ਸਟਾਫ ਮੈਂਬਰ ਆਇਆ ਕੋਵਿਡ-19 ਪਾਜ਼ੀਟਿਵ

ਓਕਵਿਲ, 10 ਸਤੰਬਰ (ਪੋਸਟ ਬਿਊਰੋ) : ਓਕਵਿਲ ਐਲੀਮੈਂਟਰੀ ਸਕੂਲ ਦੇ ਪ੍ਰਿੰਸੀਪਲ ਦਾ ਕਹਿਣਾ ਹੈ ਕਿ ਵਿਦਿਆਰਥੀਆਂ ਦੇ ਕਲਾਸਾਂ ਵਿੱਚ ਪਰਤਣ ਤੋਂ ਪਹਿਲਾਂ ਉਨ੍ਹਾਂ ਦਾ ਇੱਕ ਸਟਾਫ ਮੈਂਬਰ ਕੋਵਿਡ-19 ਪਾਜ਼ੀਟਿਵ ਆਇਆ ਹੈ।




ਗੇਲ ਮੈਕਡੌਨਲਡ ਨੇ ਆਖਿਆ ਕਿ ਊਡਨਾਵੀ ਪਬਲਿਕ ਸਕੂਲ ਦੇ ਮਾਪਿਆਂ ਨੂੰ ਇਸ ਮਾਮਲੇ ਵਿੱਚ ਨੋਟਿਸ ਭੇਜ ਕੇ ਜਾਣੂ ਕਰਵਾ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਪਾਜ਼ੀਟਿਵ ਪਾਇਆ ਗਿਆ ਮੈਂਬਰ ਪਿਛਲੇ ਹਫਤੇ ਹੋਈ ਸਟਾਫ ਪੀਏ ਦੌਰਾਨ ਮੌਜੂਦ ਸੀ ਪਰ ਉਸ ਦੇ ਸੰਪਰਕ ਵਿੱਚ ਕੋਈ ਵੀ ਵਿਦਿਆਰਥੀ ਨਹੀਂ ਆਇਆ। ਜਿਹੜੇ ਸਟਾਫ ਮੈਂਬਰ ਉਸ ਦੇ ਸੰਪਰਕ ਵਿੱਚ ਆਏ ਸਨ ਉਨ੍ਹਾਂ ਨੂੰ 14 ਦਿਨਾਂ ਲਈ ਪਬਲਿਕ ਹੈਲਥ ਵੱਲੋਂ ਸੈਲਫ ਆਈਸੋਲੇਟ ਕੀਤੇ ਜਾਣ ਲਈ ਆਖ ਦਿੱਤਾ ਗਿਆ ਸੀ। ਪ੍ਰਿੰਸੀਪਲ ਨੇ ਆਖਿਆ ਕਿ ਕੱਲ੍ਹ ਤੋਂ ਸਕੂਲ ਖੁੱਲ੍ਹ ਗਿਆ ਹੈ ਪਰ ਇਸ ਤੋਂ ਪਹਿਲਾਂ ਇੱਕ ਵਾਰੀ ਫਿਰ ਸਾਰੇ ਸਕੂਲ ਦੀ ਚੰਗੀ ਤਰ੍ਹਾਂ ਸਾਫ ਸਫਾਈ ਕਰਵਾਈ ਗਈ ਸੀ।

# ਸਕੂਲਾਂ ਵਿੱਚ ਹੋਣ ਵਾਲੀ ਆਊਟਬ੍ਰੇਕਸ ਨੂੰ ਕੀਤਾ ਜਾਵੇਗਾ ਜਨਤਕ : ਫੋਰਡ

## ਸਿਹਤ ਸਬੰਧੀ ਜਨਤਕ ਪਾਬੰਦੀਆਂ ਲਾਉਣ ਦੀ ਮਿਊਂਸਪੈਲਿਟੀਜ਼ ਨੂੰ ਹੋਵੇਗੀ ਖੁੱਲ੍ਹ

ਓਨਟਾਰੀਓ, 10 ਸਤੰਬਰ (ਪੋਸਟ ਬਿਊਰੋ) : ਪ੍ਰੀਮੀਅਰ ਡੱਗ ਫੋਰਡ ਨੇ ਬੁੱਧਵਾਰ ਨੂੰ ਵਾਅਦਾ ਕੀਤਾ ਕਿ ਪ੍ਰੋਵਿੰਸ ਦੇ ਸਕੂਲਾਂ ਵਿੱਚ ਕੋਵਿਡ-19 ਇਨਫੈਕਸ਼ਨ ਰੇਟ ਨੂੰ ਜਨਤਕ ਕੀਤਾ ਜਾਵੇਗਾ ਤੇ ਮਿਊਂਸਪੈਲਿਟੀਜ਼ ਨੂੰ ਇਹ ਖੁੱਲ੍ਹ ਦਿੱਤੀ ਜਾਵੇਗੀ ਕਿ ਉਹ ਲੋੜ ਪੈਣ ਉੱਤੇ ਸਿਹਤ ਸਬੰਧੀ ਜਨਤਕ ਪਾਬੰਦੀਆਂ ਲਾ ਸਕਣ।



ਮਹਾਂਮਾਰੀ ਦੌਰਾਨ ਪਹਿਲੀ ਵਾਰੀ ਅਗਲੇ ਦੋ ਹਫਤਿਆਂ ਵਿੱਚ ਪ੍ਰੋਵਿੰਸ ਵੱਲੋਂ ਸਕੂਲਾਂ ਨੂੰ ਖੋਲ੍ਹਣ ਦੇ ਮਾਮਲੇ ਵਿੱਚ ਪਾਰਦਰਸ਼ਤਾ ਤੋਂ ਕੰਮ ਲੈਣ ਕਾਰਨ ਫੋਰਡ ਵੱਲੋਂ ਇਹ ਤਹੱਈਆ ਪ੍ਰਗਟਾਇਆ ਗਿਆ। ਵਿਰੋਧੀ ਧਿਰ ਵੱਲੋਂ ਪ੍ਰੀਮੀਅਰ ਤੋਂ ਇਹ ਮੰਗ ਕੀਤੀ ਗਈ ਸੀ ਤੇ ਫੋਰਡ ਨੇ ਬੁੱਧਵਾਰ ਨੂੰ ਇਸ ਗੱਲ ਨੂੰ ਸਵੀਕਾਰ ਕੀਤਾ ਕਿ ਮਾਪਿਆਂ ਨੂੰ ਇਸ ਤਰ੍ਹਾਂ ਦੀ ਜਾਣਕਾਰੀ ਲਾਜ਼ਮੀ ਤੌਰ ਉੱਤੇ ਹੋਣੀ ਚਾਹੀਦੀ ਹੈ।

ਫੋਰਡ ਦੇ ਸਕੂਲ ਰੀਓਪਨਿੰਗ ਪਲੈਨ ਦੀ ਆਲੋਚਨਾ ਬੋਰਡਜ਼, ਟੀਚਰਜ਼ ਯੂਨੀਅਨਾਂ ਤੇ ਕੁੱਝ ਮਾਪਿਆਂ ਵੱਲੋਂ ਕੀਤੀ ਜਾ ਰਹੀ ਸੀ। ਆਲੋਚਕਾਂ ਦਾ ਕਹਿਣਾ ਸੀ ਕਿ ਕਲਾਸਾਂ ਦਾ ਆਕਾਰ ਘਟਾਉਣ ਤੇ ਫਿਜ਼ੀਕਲ ਡਿਸਟੈਂਸਿੰਗ ਦੇ ਸਬੰਧ ਵਿੱਚ ਫੋਰਡ ਸਰਕਾਰ ਕੁੱਝ ਖਾਸ ਨਹੀਂ ਕਰ ਰਹੀ। ਪਰ ਸਰਕਾਰ ਵੱਲੋਂ ਆਪਣੀ ਇਸ ਯੋਜਨਾ ਦਾ ਵਾਰੀ ਵਾਰੀ ਪੱਖ ਪੂਰਿਆ ਜਾਂਦਾ ਰਿਹਾ ਹੈ। ਸਰਕਾਰ ਵੱਲੋਂ ਇਹ ਆਖਿਆ ਜਾਂਦਾ ਰਿਹਾ ਹੈ ਕਿ ਇਹ ਸੱਭ ਮੈਡੀਕਲ ਮਾਹਿਰਾਂ ਨਾਲ ਸਲਾਹ ਮਸ਼ਵਰੇ ਤੋਂ ਬਾਅਦ ਹੀ ਕੀਤਾ ਜਾ ਰਿਹਾ ਹੈ।

ਮਾਪਿਆਂ ਵੱਲੋਂ ਪ੍ਰਗਟਾਏ ਜਾਣ ਵਾਲੇ ਤੌਖਲਿਆਂ ਦਾ ਬੁੱਧਵਾਰ ਨੂੰ ਟੋਰਾਂਟੋ ਦੀ ਮੈਡੀਕਲ ਆਫੀਸਰ ਆਫ ਹੈਲਥ ਡਾ. ਐਲੀਨ ਡੀ ਵਿੱਲਾ ਵੱਲੋਂ ਜਵਾਬ ਦਿੱਤਾ ਗਿਆ। ਉਨ੍ਹਾਂ ਆਖਿਆ ਕਿ ਪਾਜ਼ੀਟਿਵ ਪਾਏ ਜਾਣ ਵਾਲੇ ਕਿਸੇ ਵੀ ਸ਼ਖਸ ਨੂੰ 14 ਦਿਨਾਂ ਲਈ ਸਕੂਲ ਤੋਂ ਬਾਹਰ ਰੱਖਿਆ ਜਾਵੇਗਾ। ਵਿਦਿਆਰਥੀਆਂ ਨੂੰ ਕਲਾਸਾਂ ਵਿੱਚ ਵਾਪਿਸ ਆਉਣ ਦੀ ਖੁੱਲ੍ਹ ਉਸ ਸਮੇਂ ਹੀ ਦਿੱਤੀ ਜਾਵੇਗੀ ਜਦੋਂ ਟੋਰਾਂਟੋ ਪਬਲਿਕ ਹੈਲਥ ਅਜਿਹਾ ਕਰਨਾ ਸੁਰੱਖਿਅਤ ਮੰਨੇਗੀ।

# ਐਜੈਕਸ ਤੇ ਹੈਮਿਲਟਨ ਵਿੱਚ ਐਮੇਜ਼ੌਨ ਖੋਲ੍ਹੇਗਾ ਨਵੇਂ ਸੈਂਟਰਜ਼, 2500 ਲੋਕਾਂ ਨੂੰ ਮਿਲੇਗਾ ਰੋਜ਼ਗਾਰ




ਹੈਮਿਲਟਨ, 10 ਸਤੰਬਰ (ਪੋਸਟ ਬਿਊਰੋ) : ਬੁੱਧਵਾਰ ਨੂੰ ਐਮੇਜ਼ੌਨ ਵੱਲੋਂ ਕੀਤੇ ਗਏ ਐਲਾਨ ਅਨੁਸਾਰ ਐਜੈਕਸ ਤੇ ਹੈਮਿਲਟਨ ਵਿੱਚ ਦੋ ਨਵੇਂ ਐਮੇਜ਼ੌਨ ਫੁੱਲਫਿੱਲਮੈਂਟ ਸੈਂਟਰਜ਼ ਤਿਆਰ ਕੀਤੇ ਜਾ ਰਹੇ ਹਨ। ਇਸ ਦੌਰਾਨ ਇਹ ਐਲਾਨ ਵੀ ਕੀਤਾ ਗਿਆ ਕਿ ਸਕਾਰਬੌਰੋ, ਕਿਚਨਰ, ਸਟੋਨੀ ਕ੍ਰੀਕ, ਵਾਅਨ ਤੇ ਇਟੋਬੀਕੋ ਲਈ ਪੰਜ ਨਵੇਂ ਡਲਿਵਰੀ ਸਟੇਸ਼ਨਜ਼ ਵੀ ਕਾਇਮ ਕੀਤੇ ਜਾਣਗੇ। ਐਮੇਜ਼ੌਨ ਨੇ ਆਖਿਆ ਕਿ ਇਹ ਫੁੱਲਫਿੱਲਮੈਂਟ ਸੈਂਟਰ ਅਗਲੇ ਸਾਲ ਖੁੱਲ੍ਹਣਗੇ। ਓਨਟਾਰੀਓ ਵਿੱਚ ਪਹਿਲਾਂ ਹੀ ਅੱਠ ਐਮੇਜ਼ੌਨ ਫੁੱਲਫਿੱਲਮੈਂਟ ਸੈਂਟਰਜ਼ ਹਨ ਤੇ ਦੇਸ਼ ਵਿੱਚ 14 ਅਜਿਹੇ ਸੈਂਟਰ ਹਨ। ਐਮੇਜ਼ੌਨ ਕੈਨੇਡਾ ਦੇ ਕੈਨੇਡੀਅਨ ਕਸਟਮਰ ਫੁੱਲਫਿੱਲਮੈਂਟ ਆਪਰੇਸ਼ਨਜ਼ ਦੀ ਡਾਇਰੈਕਟਰ ਸੁਮੇਘਾ ਕੁਮਾਰ ਨੇ ਆਖਿਆ ਕਿ ਓਨਟਾਰੀਓ ਵਿੱਚ ਆਪਣੇ ਆਪਰੇਸ਼ਨਜ਼ ਦੇ ਪਸਾਰ ਨੂੰ ਲੈ ਕੇ ਅਸੀ ਬਹੁਤ ਖੁਸ਼ ਹਾਂ। ਉਨ੍ਹਾਂ ਦੱਸਿਆ ਕਿ 855,000 ਸਕੁਏਅਰ ਫੁੱਟ ਫੁੱਲਫਿੱਲਮੈਂਟ ਸੈਂਟਰ ਵਿੱਚ ਐਮੇਜ਼ੌਨ ਦੇ ਰੋਬੋਟਿਕਸ ਨਾਲ ਸਮਾਨ ਨੂੰ ਪੈਕ ਕਰਕੇ ਸਾਡੇ ਕਸਟਮਰਜ਼ ਤੱਕ ਪਹੁੰਚਾਉਣ ਲਈ ਆਉਣ ਵਾਲੇ ਸਮੇਂ ਵਿੱਚ 1500 ਹੈਮਿਲਟਨ ਕਰਮਚਾਰੀ ਕੰਮ ਕਰਨਗੇ। ਐਜੈਕਸ ਵਿੱਚ ਨਵੇਂ ਇੱਕ ਮਿਲੀਅਨ ਸਕੁਏਅਰ ਫੁੱਟ ਫੁੱਲਫਿੱਲਮੈਂਟ ਸੈਂਟਰ ਵਿੱਚ 1000 ਕਰਮਚਾਰੀ ਕੰਮ ਕਰਨਗੇ।

# ਡਰਾਈਵਰਾਂ ਦੀ ਘਾਟ ਕਾਰਨ ਓਨਟਾਰੀਓ ’ਚ ਕੈਂਸਲ ਕੀਤੇ ਗਏ ਕਈ ਸਕੂਲ ਬੱਸ ਰੂਟ



ਓਨਟਾਰੀਓ, 10 ਸਤੰਬਰ (ਪੋਸਟ ਬਿਊਰੋ) : ਓਨਟਾਰੀਓ ਵਿੱਚ ਸਕੂਲ ਬੱਸ ਕੈਂਸਲ ਹੋਣ ਦੇ ਮਾਮਲੇ ਵੱਧਦੇ ਹੀ ਜਾ ਰਹੇ ਹਨ। ਟਰਾਂਸਪੋਰਟੇਸ਼ਨ ਮੁਹੱਈਆ ਕਰਵਾਉਣ ਵਾਲਿਆਂ ਦਾ ਕਹਿਣਾ ਹੈ ਕਿ ਕੋਵਿਡ-19 ਮਹਾਂਮਾਰੀ ਕਾਰਨ ਇੰਡਸਟਰੀ ਵਿੱਚ ਬੱਸ ਡਰਾਈਵਰਾਂ ਦੀ ਘਾਟ ਪਾਈ ਜਾ ਰਹੀ ਹੈ।

ਬੁੱਧਵਾਰ ਨੂੰ ਗ੍ਰੇਅ-ਬਰੂਸ ਤੇ ਥੰਡਰ ਬੇਅ ਰੀਜਨਜ਼ ਵਿੱਚ ਬੱਸਾਂ ਦੇ 12 ਰੂਟ ਕੈਂਸਲ ਕੀਤੇ ਗਏ। ਸਡਬਰੀ, ਓਨਟਾਰੀਓ ਵਿੱਚ ਸਟੂਡੈਂਟ ਸਰਵਿਸਿਜ਼ ਸੰਘ ਨੇ ਬੀਤੇ ਦਿਨੀਂ ਇਹ ਐਲਾਨ ਕੀਤਾ ਸੀ ਕਿ ਸਕੂਲ ਖੁੱਲ੍ਹਣ ਦੇ ਪਹਿਲੇ ਹਫਤੇ ਘੱਟੋ ਘੱਟ 23 ਰੂਟਜ਼ ਉੱਤੇ ਬੱਸਾਂ ਨਹੀਂ ਚੱਲਣਗੀਆਂ ਕਿਉਂਕਿ ਬਹੁਤੇ ਡਰਾਈਵਰ ਕੰਮ ਉੱਤੇ ਹੀ ਨਹੀਂ ਪਰਤੇ ਹਨ।

ਥੰਡਰ ਬੇਅ ਦੀ ਸਟੂਡੈਂਟ ਟਰਾਂਸਪੋਰਟੇਸ਼ਨ ਸਰਵਿਸਿਜ਼ ਦਾ ਕਹਿਣਾ ਹੈ ਕਿ ਇਸ ਇਲਾਕੇ ਵਿੱਚ ਬੱਸ ਡਰਾਈਵਰ ਦੀ ਔਸਤ ਉਮਰ 57 ਹੈ ਤੇ ਕੋਵਿਡ-19 ਕਾਰਨ ਸਿਹਤ ਸਬੰਧੀ ਖਤਰਿਆਂ ਦੇ ਮੱਦੇਨਜ਼ਰ ਬਹੁਤਿਆਂ ਵੱਲੋਂ ਕੰਮ ਉੱਤੇ ਨਾ ਪਰਤਣ ਦਾ ਫੈਸਲਾ ਕੀਤਾ ਗਿਆ ਹੈ।

# ਨਿਊ ਟੋਰਾਂਟੋ ਏਰੀਆ ਵਿੱਚ ਚੱਲੀਆਂ ਗੋਲੀਆਂ, ਇੱਕ ਜ਼ਖ਼ਮੀ

ਟੋਰਾਂਟੋ, 10 ਸਤੰਬਰ (ਪੋਸਟ ਬਿਊਰੋ) : ਇਟੋਬੀਕੋ ਦੇ ਨਿਊ ਟੋਰਾਂਟੋ ਏਰੀਆ ਵਿੱਚ ਚੱਲੀਆਂ ਗੋਲੀਆਂ ਵਿੱਚ ਇੱਕ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ। ਇਸ ਦੌਰਾਨ ਘੱਟੋ ਘੱਟ 80 ਗੋਲੀਆਂ ਚਲਾਈਆਂ ਗਈਆਂ। ਇੱਕ ਰਾਤ ਪਹਿਲਾਂ ਜੈਂਡਰ ਰਵੀਲ ਪਾਰਟੀ ਲਈ ਇਸ ਇਲਾਕੇ ਦੇ ਨੇੜੇ ਤੇੜੇ ਕਿਰਾਏ ਉੱਤੇ ਦਿੱਤੀ ਗਈ ਬੂਜ਼ ਦੀ ਦੁਕਾਨ (ਬਾਰ) ਦੇ ਬਾਹਰ ਇਹ ਸੱਭ ਵਾਪਰਿਆ।



ਪੁਲਿਸ ਨੂੰ ਸਵੇਰੇ 4:31 ਉੱਤੇ ਲੇਕਸ਼ੋਰ ਬੋਲੀਵੀਆਰਡ ਵੈਸਟ ਦੇ ਦੱਖਣ ਵੱਲ ਏਤ਼ਥ ਸਟਰੀਟ ਉੱਤੇ ਸੱਦਿਆ ਗਿਆ। ਇੱਥੇ ਕਈ ਗੋਲੀਆਂ ਚੱਲਣ ਦੀਆਂ ਰਿਪੋਰਟਾਂ ਪੁਲਿਸ ਨੂੰ ਦਿੱਤੀਆਂ ਗਈਆਂ ਸਨ। ਇੱਕ ਸਥਾਨਕ ਵਾਸੀ ਨੇ ਦੱਸਿਆ ਕਿ ਉਸ ਨੇ ਐਨੀਆਂ ਗੋਲੀਆਂ ਚੱਲਣ ਦੀਆਂ ਆਵਾਜਾਂ ਸੁਣੀਆਂ ਕਿ ਉਸ ਕੋਲੋਂ ਗਿਣੀਆਂ ਨਹੀਂ ਸਨ ਜਾ ਰਹੀਆਂ। ਇਹ ਵੀ ਦੱਸਿਆ ਗਿਆ ਕਿ ਦੋ ਗੱਡੀਆਂ ਵਿੱਚ ਸਵਾਰ ਲੋਕਾਂ ਨੇ ਇੱਕ ਦੂਜੇ ਉੱਤੇ ਇਹ ਗੋਲੀਆਂ ਚਲਾਈਆਂ।

ਇੱਕ ਵਿਅਕਤੀ ਇਸ ਗੋਲੀਕਾਂਡ ਦਾ ਸਿਕਾਰ ਹੋਇਆ, ਉਹ ਜਖਮੀ ਤਾਂ ਹੋਇਆ ਪਰ ਉਸ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾਂਦੀ ਹੈ। ਇਸ ਇਲਾਕੇ ਵਿੱਚ ਖੜ੍ਹੀਆਂ ਕਈ ਗੱਡੀਆਂ ਨਾਲ ਵੀ ਗੋਲੀਆਂ ਟਕਰਾਈਆਂ।

ਗੁਆਂਢੀਆਂ ਨੇ ਦੱਸਿਆ ਕਿ ਗੈਰਕਾਨੂੰਨੀ ਸਰਾਬ ਦੀ ਦੁਕਾਨ ਪਿਛਲੇ ਇੱਕ ਹਫਤੇ ਤੋਂ ਲੇਕਸ਼ੋਰ ਬੋਲੀਵੀਆਰਡ ਦੇ ਨੇੜੇ ਚੱਲ ਰਹੀ ਹੈ।




Paramjit Deol
Broker
CELL: 416-993-7378
7071 Airport Rd, Suit 201, Mississauga, ON



1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca

“Your neighborhood broker, Call Paramjit Deol Today”

**Mississauga $749,000**

7089 Torbram Rd: Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations. Thousands Spent On Upgrades.

**Vaughan $499,000**

3210 Highway 7 Rd 5511: Location, Location! Spacious Layout With Large Balcony Condo For Sale, High Floor. A Place To Live, Work, Sleep & Play. Minutes To Highway 400,401, 407 & Walking Distance To Transit & Subway.

**Kitchener $599,000**

Westmount/Blockline Rd: Fabulous Detached Home In Kitchener, 3+1 Bedroom In-Law Suite Finished Bsmt W/Separate Entrance, This Home Offers Great Size Living & Dining Area, Family Size Kitchen W/Breakfast Area, 3 Generous Size Br, Gleaming Wood Floors Throughout The Home.

**Brampton $699,000**

39 Shiff Cres: This Is Your Chance 3+1 Bedrooms 3 Storey Townhouse Corner End Unit Feels Like A Semi, Lots Of Sunlight, Double Door Entry. Open Concept, 9Ft Ceiling, Bedroom On Main Floor Back Door Entry Through Backyard, Entrance Garage From Inside.

**MISSISSAUGA $299,000**
Photo Not Available
7885 Tranmere Dr: Turn Key Operation, Banquet Hall/ Restaurant Business For Sale, Located In Desirable Area W/ High Density Of Industrial & Commercial Business. Full Size Commercial Kitchen, Thousands Spent On Upgrades. Newer Floors, Bar, Equipment. Very Low rent.

**Mississauga $749,000**

7089 Torbram Rd : Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations, Corporate Events & Much More.

**Blandford $349,000**
Photo Not Available
23 Wilmot St: Sale Of Business With Property Gas Stations in Blandford-Blenheim Oxford area. For more information Call Paramjit Deol at 905-405-8484.

**Oshawa $659,000**
Photo Not Available
Simcoe St/Highway 407: Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To all amenities.

**Brampton $1,900,000**
Photo Not Available
115 Orenda Dr: Well Established Business For Sale!! Truck & Trailer Repair Shop, Many Year In Business, Great Reputable Clientele, 8 Drive Indoors, Shop Can Hold Up To 10 Trucks At A Time, Approx 15,000 Sqft, Sales Are $1.5 Million Per Year As Per Seller. Huge Parking Lot That Holds Up To 35 Trucks, Very Low Rent, Tons Of Inventory.

**Brampton $749,000**

Mississauga Rd/Sandalwood Pkwy : 3 Bedroom Townhouse End Unit With Finished Walk Out Basement For Sale. Fully Upgraded Home. 9 Ft Ceiling At Main Level. Hardwood Stairs. Granite Counter Top In Main Kitchen. Upgraded Washrooms. Hardwood On The Main Floor. Lots Of Natural Sun Lights.

**Barrie $769,000**

Ferndale & Edgehill :Fully Upgraded Top To Bottom Duplex Over $150,000 Spent On Upgrades With 1st Unit Rental For $2600 & Bottom Unit $1800 Seprate Utility Meters For Each Unit, 13 Feet High Ceiling In Dining Room Situated On A Ravine Backing With An Extra Deep Lot.

**Oshawa $659,000**
Photo Not Available
150 Windfields Farm Dr 86: Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

**Brampton $789,000**

124 Cornwall Rd: Move In Ready Designer Concept, Totally Renovated From Top To Bottom On A Prime 50 Foot Lot With Huge Backyard In A Quiet Mature Neighborhood. This Home Must Be Seen To Appreciate The Quality /Design /Layout & Level Of Finishes. Close To All Amenities.

**Toronto $959,500**

Queen St/Logan Ave: Brand New Condo Apartment, 1 Bedroom + Den, 9 Ft Ceiling, Plenty Of Natural Light Approx 784 Sq Ft. **Location, Location 24 Hrs Street Car At Your Door, Nearby Restaurants, Cafes, Shops & All Amenities Don't Miss This Opportunity **** Tenant Willing To Stay Or Vacate.

**New Tecumseth $978,888**

King St/Industry: Home With Custom Design Changes, Butlers Pantry, Main Floor Laundry And Added Square Footage! 9' +/- Main Floor Ceilings, Undermount Kitchen Sink, Wall Mount Pot Filler, Entrance To Garage From Home, Hardwood Flooring, Jack And Jill (4Pc Twin Bath) For Bedroom 3 And 4.

**Mississauga $715,000**

Derry And Mclaughlin: One Of The Best Investment For 1st-Time Buyers/Investors In Mississauga! Monthly Rent 2500 +.Well Appreciated During Recent Years. Finished Basement.

*Canadian punjabi post assumes no responsibility for the accuracy of any information shown. Copyright Ppost 2019

## ਅੱਜ ਨਾਮਾ

ਸੋਸ਼ਲ ਮੀਡੀਆ ਉੱਤੇ ਸਰਗਰਮ ਸ਼ੋਹਦੇ,
ਮਾਰਦੇ ਨਵੀਂ ਤੋਂ ਨਵੀਂ ਕੋਈ ਗੱਪ ਬੇਲੀ।
ਕੋਰੋਨਾ ਬਾਰੇ ਨੇ ਛੱਡ ਰਹੇ ਗਲਤ ਯੱਕੜ,
ਪਿੰਡੀਂ-ਸ਼ਹਿਰੀਂ ਮਚਾਈ ਆ ਖੱਪ ਬੇਲੀ।
ਨਾ ਕੋਈ ਖੁੱਡ ਨਾ ਕਿਤੇ ਲਕੀਰ ਦੀਂਹਦੀ,
ਸੁਫਨੇ ਅੰਦਰ ਵਿਖਾਉਂਦੇ ਆ ਸੱਪ ਬੇਲੀ।
ਕੀਤੀ ਜਦੋਂ ਗਈ ਸਖਤ ਕੁਝ ਕਾਰਵਾਈ,
ਝਟਕੇ ਪਹਿਲੇ ਕਈ ਲਏ ਸੀ ਨੱਪ ਬੇਲੀ।
ਸੀਖਾਂ ਓਹਲੇ ਜਦ ਬੈਠਣਾ ਪਿਆ ਸੀ ਤਾਂ,
ਅੱਥਰੂ ਰਹੇ ਉਹ ਬਹੁਤ ਸਨ ਸੁੱਟ ਬੇਲੀ।
ਹਟੇ ਨਹੀਂ ਹਾਲੇ ਸ਼ਰਾਰਤੀ ਬਾਹਰ ਵਾਲੇ,
ਇਹ ਵੀ ਖਾਣਗੇ ਕਿਸੇ ਦਿਨ ਕੁੱਟ ਬੇਲੀ।

**ਤੀਸ ਮਾਰ ਖਾਂ**

ਪਿੰਡ ਬੱਝਾ ਨਹੀਂ, ਉਚੱਕੇ ਪਹਿਲਾਂ ਜਾ ਪੁੱਜੇ

# ਮੰਦਰ ਉਸਾਰੀ ਸ਼ੁਰੂ ਹੋਣ ਤੋਂ ਪਹਿਲਾਂ ਰਾਮ ਮੰਦਰ ਟਰੱਸਟ ਦੇ ਖਾਤੇ ਵਿੱਚ ਸੰਨ੍ਹ ਲੱਗੀ

*** ਧੋਖਾਧੜੀ ਦੀ ਪਹਿਲੀ ਘਟਨਾ ਪਿੱਛੋਂ ਸਾਰੇ ਬੈਂਕ ਖਾਤੇ ਸੀਲ**




ਅਯੁੱਧਿਆ, 10 ਸਤੰਬਰ, (ਪੋਸਟ ਬਿਊਰੋ)- ਸ੍ਰੀ ਰਾਮ ਮੰਦਰ ਟਰੱਸਟ ਨਾਲ ਵੀ ਚੋਰਾਂ ਨੇ ਠੱਗੀ ਕਰਨ ਤੋਂ ਕੋਈ ਪਰਹੇਜ਼ ਨਹੀਂ ਕੀਤਾ। ਇੱਕ ਕਲੋਨ ਚੈੱਕ ਦੇ ਰਾਹੀਂ ਅਯੁੱਧਿਆ ਦੇ ਸ਼੍ਰੀਰਾਮ ਜਨਮ ਸਥਾਨ ਤੀਰਥ ਖੇਤਰ ਟਰੱਸਟ ਦੇ ਖਾਤੇ ਤੋਂ ਲੱਖਾਂ ਰੁਪਏ ਕੱਢ ਲਏ ਗਏ ਹਨ। ਇਸ ਬਾਰੇ ਸ਼੍ਰੀਰਾਮ ਜਨਮ ਸਥਾਨ ਤੀਰਥ ਟਰੱਸਟ ਦੇ ਜਨਰਲ ਸਕੱਤਰ ਦੀ ਸ਼ਿਕਾਇਤ ਉੱਤੇ ਪੁਲਸ ਨੇ ਤੁਰੰਤ ਕੇਸ ਦਰਜ ਕੀਤਾ ਅਤੇ ਇਸ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ ਅਤੇ ਨਾਲ ਹੀ ਸੁਰੱਖਿਆ ਦੇ ਪੱਖ ਨੂੰ ਸੋਚ ਕੇ ਹਾਲ ਦੀ ਘੜੀ ਰਾਮ ਮੰਦਰ ਟਰੱਸਟ ਦੇ ਬੈਂਕ ਖਾਤਿਆਂ ਨੂੰ ਸੀਲ ਕਰ ਦਿੱਤਾ ਗਿਆ ਹੈ।

ਅਯੁੱਧਿਆ ਦੇ ਸਰਕਲ ਪੁਲਸ ਅਫਸਰ ਰਾਜੇਸ਼ ਕੁਮਾਰ ਰਾਏ ਨੇ ਦੱਸਿਆ ਕਿ ਕੱਲ੍ਹ ਸ਼੍ਰੀਰਾਮ ਜਨਮ ਸਥਾਨ ਤੀਰਥ ਟਰੱਸਟ ਦੇ ਜਨਰਲ ਸਕੱਤਰ ਨੇ ਇੱਕ ਸ਼ਿਕਾਇਤ ਦਿੱਤੀ ਹੈ ਕਿ ਟਰੱਸਟ ਦੇ ਅਕਾਊਂਟ ਵਿੱਚੋਂ ਇੱਕ ਫਰਜ਼ੀ ਚੈੱਕ ਨਾਲ 6 ਲੱਖ ਰੁਪਏ ਕਢਵਾਏ ਗਏ ਹਨ। ਇਸ ਬਾਰੇ ਬਾਕਾਇਦਾ ਕੇਸ ਰਜਿਸਟਰ ਕੇ ਕਰਇਸ ਟਰੱਸਟ ਦੇ ਸਾਰੇ ਅਕਾਊਂਟ ਸੀਲ ਕਰ ਦਿੱਤੇ ਗਏ ਹਨ। ਟਰੱਸਟ ਦੇ ਇਹ 6 ਲੱਖ ਰੁਪਏ ਪੰਜਾਬ ਨੈਸ਼ਨਲ ਬੈਂਕ ਲਖਨਊ ਦੀ ਕਿਸੇ ਬ੍ਰਾਂਚ ਤੋਂਕੱਢੇ ਗਏ ਹਨ।

ਸਰਕਾਰੀ ਅਧਿਕਾਰੀਆਂ ਅਨੁਸਾਰ ਇਸ ਫਰਾਡ ਦਾ ਪਤਾ ਉਸ ਵੇਲੇ ਲੱਗਾ, ਜਦੋਂ ਧੋਖੇਬਾਜ਼ ਨੇ 9 ਲੱਖ 86 ਹਜ਼ਾਰ ਰੁਪਏ ਦਾ ਤੀਸਰਾ ਕਲੋਨ ਚੈੱਕ ਲਖਨਊ ਵਿਚਲੇ ਬੈਂਕ ਆਫ ਬੜੌਦਾ ਵਿੱਚਪੇਸ਼ ਕੀਤਾ। ਕੁਝ ਵੱਡੀ ਰਕਮ ਵੇਖ ਕੇ ਬੈਂਕ ਨੇ ਇਸ ਵਾਰ ਟਰੱਸਟ ਦੇ ਜਨਰਲ ਸਕੱਤਰ ਚੰਪਤ ਰਾਏ ਨੂੰ ਫੋਨ ਕਰ ਕੇ ਪੁੱਛਿਆ ਤਾਂ ਉਨ੍ਹਾਂ ਨੇ ਏਦਾਂ ਦਾ ਕੋਈ ਚੈੱਕ ਜਾਰੀ ਕਰਨ ਦੀ ਗੱਲ ਰੱਦ ਕਰ ਦਿੱਤੀ। ਇਸ ਤੋਂ ਬਾਅਦ ਬੈਂਕ ਨੇ ਇਸ ਚੈੱਕ ਦੀ ਪੇਮੈਂਟ ਰੋਕ ਦਿੱਤੀ।

ਦੂਸਰੇ ਪਾਸੇ ਚੰਪਤ ਰਾਏ ਨੇ ਅਯੁੱਧਿਆ ਪੁਲਸ ਨੂੰ ਇਸ ਦੀ ਸ਼ਿਕਾਇਤ ਕਰ ਦਿੱਤੀ ਤਾਂ ਬੁੱਧਵਾਰ ਸ਼ਾਮ ਅਯੁੱਧਿਆ ਦੀ ਕੋਤਵਾਲੀ ਵਿੱਚ ਧੋਖਾਧੜੀ ਦਾ ਬਾਕਾਇਦਾ ਕੇਸਵੀ ਦਰਜ ਕੀਤਾ ਗਿਆ। ਸਰਕਲਪੁਲਸ ਅਫਸਰ ਅਯੁੱਧਿਆ ਰਾਜੇਸ਼ ਰਾਏ ਨੇ ਦੱਸਿਆ ਹੈ ਕਿ ਦੇਰ ਸ਼ਾਮ ਮਿਲੀ ਸ਼ਿਕਾਇਤ ਤੋਂ ਬਾਅਦ ਧੋਖਾਧੜੀ ਦਾ ਕੇਸ ਦਰਜ ਕੀਤਾ ਗਿਆ ਤੇ ਪੂਰੇ ਕੇਸ ਦੀ ਜਾਂਚ ਗਹਿਰਾਈ ਨਾਲ ਕੀਤੀ ਜਾ ਰਹੀ ਹੈ।

# ਰਾਫੇਲ ਜੰਗੀ ਜਹਾਜ਼ ਭਾਰਤੀ ਹਵਾਈ ਫੌਜ ਦੇ ਬੇੜੇ ਵਿੱਚ ਸ਼ਾਮਲ



ਅੰਬਾਲਾ, 10 ਸਤੰਬਰ, (ਪੋਸਟ ਬਿਊਰੋ)- ਫਰਾਂਸ ਦੀ ਕੰਪਨੀ ਦਸਾ ਤੋਂ ਖਰੀਦਿਆ ਆਧੁਨਿਕ ਜੰਗੀ ਜਹਾਜ਼ ਰਾਫੇਲ ਅੱਜ ਵੀਰਵਾਰ ਨੂੰ ਰਸਮੀ ਤੌਰ ਉੱਤੇ ਭਾਰਤੀ ਹਵਾਈ ਫੌਜ ਵਿੱਚ ਸ਼ਾਮਲ ਹੋ ਗਿਆ ਹੈ। ਇਸ ਮੌਕੇ ਕੀਤੇ ਗਏ ਪ੍ਰੋਗਰਾਮ ਵਿੱਚ ਰਾਫੇਲ, ਤੇਜਸ, ਸੁਖੋਈ ਤੇ ਜਗੁਆਰ ਜਹਾਜ਼ਾਂ ਨੇ ਵੀ ਏਅਰ ਸ਼ੋਅ ਵਿੱਚ ਸ਼ਾਨਦਾਰ ਕਰਤਬ ਦਿਖਾਏ। ਭਾਰਤ ਦੇ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਪੰਜ ਰਾਫੇਲ ਜਹਾਜ਼ਾਂ ਨੂੰ ਜਦੋਂ ਹਵਾਈ ਫ਼ੌਜ ਵਿੱਚ ਸ਼ਾਮਲ ਕੀਤਾ ਤਾਂ ਇਸ ਮੌਕੇ ਉੱਤੇ ਫਰਾਂਸ ਦੀ ਰੱਖਿਆ ਮੰਤਰੀ ਫਲੋਰੈਂਸ ਪਾਰਲੇ ਵੀ ਇਸ ਸਮਾਗਮ ਵਿੱਚ ਮੌਜੂਦ ਹਨ। ਅੱਜ ਇੱਕ ਏਅਰ ਸ਼ੋਅ ਤੋਂ ਬਾਅਦ ਰਾਫੇਲ ਨੂੰ ਹਵਾਈ ਫ਼ੌਜ ਵਿੱਚ ਸ਼ਾਮਲ ਕਰਨ ਦੇ ਸਮਾਗਮ ਦੌਰਾਨਭਾਰਤ ਦੇ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਕਿ 'ਰਾਫੇਲ ਲੜਾਕੂ ਜਹਾਜ਼ਾਂ ਦਾ ਭਾਰਤੀ ਹਵਾਈ ਫ਼ੌਜ ਵਿੱਚ ਸ਼ਾਮਲ ਹੋਣਾ ਪੂਰੀ ਦੁਨੀਆ ਲਈ ਇਕ ਵੱਡਾ ਅਤੇ ਸਖ਼ਤ ਸੰਦੇਸ਼ ਹੈ ਤੇ ਖ਼ਾਸ ਕਰ ਕੇ ਸਾਡੀ ਪ੍ਰਭੂਸੱਤਾ ਉੱਤੇਅੱਖ ਰੱਖਣ ਵਾਲਿਆਂ ਲਈ ਇਹ ਖ਼ਾਸ ਚੇਤਾਵਨੀ ਹੈ। ਸਾਡੀ ਸਰਹੱਦ ਉੱਤੇ ਜਿੱਦਾਂ ਦਾ ਮਾਹੌਲ ਬਣ ਚੁੱਕਾ ਹੈ, ਉਸ ਵਿੱਚ ਰਾਫੇਲ ਜਹਾਜ਼ਾਂ ਦਾ ਹਵਾਈ ਫ਼ੌਜ ਵਿੱਚ ਸ਼ਾਮਲ ਹੋਣਾ ਬੇਹੱਦ ਅਹਿਮ ਸਮਝਿਆ ਜਾਣਾ ਚਾਹੀਦਾ ਹੈ।' ਇਸ ਤੋਂ ਪਹਿਲਾਂ ਸਰਬਧਰਮ ਪੂਜਾ-ਪ੍ਰਾਰਥਨਾ ਨਾਲ ਸਮਾਗਮ ਸ਼ੁਰੂ ਕੀਤਾ ਗਿਆ। ਇਸ ਪਿੱਛੋਂ ਏਅਰ ਸ਼ੋਅ ਦੀ ਸ਼ੁਰੂਆਤ ਸੁਖੋਈ ਜਹਾਜ਼ਾਂ ਨਾਲ ਹੋਈ, ਜਿਸ ਵਿੱਚ ਰਾਫੇਲ ਦੇ ਨਾਲ ਤੇਜਸ ਅੇ ਜਗੂਆਰ ਜਹਾਜ਼ ਵੀ ਸ਼ਾਮਲ ਹੋਏ। ਰਾਫੇਲ ਜਹਾਜ਼ਾਂ ਨੂੰ ਇਸ ਮੌਕੇ ਉੱਤੇ 'ਵਾਟਰ ਸਲੂਟ' ਦਿੱਤਾ ਗਿਆ ਤੇ ਇਸ ਪਿੱਛੋਂ ਪੰਜ ਰਾਫੇਲ ਜਹਾਜ਼ਾਂ ਦੇ ਪਾਇਲਟਾਂ ਨੇ ਰੱਖਿਆ ਮੰਤਰੀ ਰਾਜਨਾਥ ਸਿੰਘ ਨੂੰ ਸਲਾਮੀ ਦਿੱਤੀ।

# ਇਕ ਹਜ਼ਾਰ ਤੋਂ ਵੱਧ ਚੀਨੀ ਵਿਦਿਆਰਥੀਆਂ ਤੇ ਖੋਜੀਆਂ ਦਾ ਵੀਜ਼ਾ ਅਮਰੀਕਾ ਵੱਲੋਂ ਰੱਦ

*** ਚੀਨ ਨੇ ਦੱਸਿਆ ਨਸਲਵਾਦੀ ਕਦਮ**



ਵਾਸ਼ਿੰਗਟਨ, 10 ਸਤੰਬਰ, (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਆਦੇਸ਼ ਉੱਤੇਅੱਜ ਇੱਕ ਹਜ਼ਾਰਤੋਂ ਵੱਧ ਚੀਨੀ ਵਿਦਿਆਰਥੀਆਂ ਤੇ ਖੋਜੀਆਂ ਦਾ ਅਮਰੀਕੀ ਵੀਜ਼ਾ ਰੱਦ ਕਰ ਦਿੱਤਾ ਗਿਆ ਹੈ। ਟਰੰਪ ਸਰਕਾਰ ਨੇ ਭਾਵੇਂ ਇਸ ਨੂੰ ਸੁਰੱਖਿਆ ਲਈ ਖ਼ਤਰੇ ਕਾਰਨ ਚੁੱਕਿਆ ਕਦਮ ਕਿਹਾ ਹੈ, ਪਰ ਚੀਨ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਝਾਓ ਲਿਝਆਨ ਨੇ ਅਮਰੀਕਾ ਦੇ ਇਸ ਕਦਮ ਨੂੰ ਸਿਆਸੀ ਸ਼ੋਸ਼ਣ ਅਤੇ ਨਸਲੀ ਵਿਤਕਰਾ ਦੱਸਿਆ ਹੈ। ਇਸ ਸੰਬੰਧ ਵਿੱਚ ਅਮਰੀਕਾ ਦੇ ਵਿਦੇਸ਼ ਮੰਤਰਾਲੇ ਦੇ ਹੋਮਲੈਂਡ ਸਕਿਓਰਟੀ ਵਿਭਾਗ ਦੇ ਕਾਰਜਕਾਰੀ ਮੁਖੀ ਚੇਡ ਵੋਲਫ ਨੇ ਕਿਹਾ ਕਿ ਅਮਰੀਕਾ ਨੇ ਚੀਨ ਦੇ ਖ਼ੁਫ਼ੀਆ ਵਿਭਾਗ ਜਾਂ ਫੌਜ ਨਾਲ ਸਬੰਧਤ ਵਿੱਦਿਅਕ ਸੰਸਥਾਨਾਂ ਨਾਲ ਜੁੜੇ ਬੀ ਏ ਦੇ ਵਿਦਿਆਰਥੀਆਂ ਤੇ ਖੋਜੀਆਂ ਦੇ ਵੀਜ਼ੇ ਰੱਦ ਕਰਨ ਦੀ ਕਈ ਮਹੀਨੇ ਪੁਰਾਣੀ ਰਾਏ ਉੱਤੇ ਵਿਚਾਰ ਤੋਂ ਬਾਅਦਇਹ ਫ਼ੈਸਲਾ ਲਿਆ ਹੈ। ਸਮਝਿਆ ਜਾਂਦਾ ਹੈ ਕਿ ਇਹ ਲੋਕ ਜਾਸੂਸੀ ਜਾਂ ਬੌਧਿਕ ਜਾਇਦਾਦ ਦੀ ਚੋਰੀ ਵਰਗਾ ਖ਼ਤਰਾ ਹੋ ਸਕਦੇ ਹਨ। ਵੋਲਫ ਨੇ ਕਿਹਾ ਕਿ ਇਸ ਮੌਕੇ ਬੰਧੂਆ ਮਜ਼ਦੂਰਾਂ ਵੱਲੋਂ ਬਣਾਈਆਂ ਚੀਜਾਂ ਦੀ ਸਪਲਾਈਤੇ ਵਿਕਰੀ ਉੱਤੇ ਵੀਰੋਕ ਲਾ ਦਿੱਤੀ ਗਈ ਹੈ। ਉਨ੍ਹਾਂ ਨੇ ਚੀਨ ਤੋਂ ਮੰਗ ਕੀਤੀ ਕਿ ਉਹ ਹਰ ਵਿਅਕਤੀ ਦੀ ਮਰਿਆਦਾ ਦਾ ਸਨਮਾਨ ਕਰੇ। ਸਮਝਿਆ ਜਾਂਦਾ ਹੈ ਕਿ ਉਨ੍ਹਾਂ ਦਾ ਇਸ਼ਾਰਾ ਸ਼ਿਨਜਿਆਂਗ ਵਿਚ ਬੀਜਿੰਗ ਵੱਲੋਂ ਕੀਤੇ ਜਾਂਦੇ ਮੁਸਲਿਮ ਉਈਗਰਾਂ ਦੇ ਸ਼ੋਸ਼ਣ ਵੱਲ ਸੀ। ਰਾਸ਼ਟਰਪਤੀ ਡੋਨਾਲਡ ਟਰੰਪ ਦੇ ਐਲਾਨਮਗਰੋਂ ਇਕ ਹਜ਼ਾਰ ਤੋਂਵੱਧ ਵੀਜ਼ੇ ਰੱਦ ਕੀਤੇ ਗਏ ਹਨ। ਇਹ ਗਿਣਤੀ ਅੱਠ ਸਤੰਬਰ 2020 ਤਕ ਦੀ ਹੈ। ਇਸ ਵੇਲੇ ਅਮਰੀਕਾ ਵਿਚ ਕੁਲ 3,60,000 ਚੀਨੀ ਨਾਗਰਿਕ ਪੜ੍ਹਦੇ ਹਨ।

# ਸੁਮੇਧ ਸੈਣੀ ਦੀ ਗ੍ਰਿਫਤਾਰੀ ਲਈ ਹਿਮਾਚਲਤੋਂ ਦਿੱਲੀ ਤੱਕ ਛਾਪੇ

*** ਗ੍ਰਿਫਤਾਰੀ ਰੋਕਣ ਲਈ ਸੈਣੀ ਵੱਲੋਂ ਸੁਪਰੀਮ ਕੋਰਟ ਵਿੱਚ ਅਰਜ਼ੀ**



ਚੰਡੀਗੜ੍ਹ, 10 ਸਤੰਬਰ, (ਪੋਸਟ ਬਿਊਰੋ)- ਪੰਜਾਬ ਦੇ ਇੱਕ ਸਾਬਕਾ ਆਈ ਏ ਐੱਸ ਅਫਸਰ ਦੇ ਪੁੱਤਰ ਅਤੇ ਚੰਡੀਗੜ੍ਹ ਸਿਟਕੋ ਦੇ ਇੰਜੀਨੀਅਰ ਬਲਵੰਤ ਸਿੰਘ ਮੁਲਤਾਨੀ ਨੂੰ ਅਗਵਾ ਕਰ ਕੇਕਤਲ ਕਰਨ ਦੇਕੇਸਵਿੱਚਦੋਸ਼ੀ ਪੰਜਾਬ ਪੁਲਸ ਦੇ ਸਾਬਕਾ ਡੀ ਜੀ ਪੀ ਸੁਮੇਧ ਸੈਣੀ ਨੇ ਗ੍ਰਿਫਤਾਰੀਤੋਂ ਬਚਣ ਲਈ ਸੁਪਰੀਮ ਕੋਰਟ ਨੂੰ ਅਰਜ਼ੀ ਦਿੱਤੀ ਹੈ। ਇਸ ਦੌਰਾਨ ਪੰਜਾਬ ਪੁਲਿਸ ਨੇ ਉਨ੍ਹਾਂ ਦੀ ਗ੍ਰਿਫਤਾਰੀ ਲਈ ਭੱਜ-ਨੱਸ ਹੋਰ ਤੇਜ਼ ਕਰ ਦਿੱਤੀ ਹੈ। ਪੁਲਿਸ ਟੀਮਾਂ ਨੇ ਅੱਜ ਵੀਰਵਾਰ ਉਸ ਦੀ ਭਾਲ ਵਿਚ ਦਿੱਲੀ, ਸ਼ਿਮਲਾ ਤੇ ਰਾਜਸਥਾਨ ਦੇ ਕਈ ਟਿਕਾਣਿਆਂ ਉੱਤੇ ਛਾਪੇਮਾਰੇ ਹਨ।

ਇਸ ਸੰਬੰਧ ਵਿੱਚ ਮਿਲੀਆਂ ਸੂਚਨਾਵਾਂ ਅਨੁਸਾਰ ਸੁਮੇਧ ਸਿੰਘ ਸੈਣੀ ਦੀ ਪਤਨੀ ਅਤੇ ਧੀ ਦਿੱਲੀ ਵਿੱਚ ਪੰਚਸ਼ੀਲ ਇਨਕਲੇਵ ਵਾਲੀ ਕੋਠੀ ਵਿਚ ਹਨ, ਪਰ ਸੈਣੀ ਓਥੇ ਪੁਲਿਸ ਨੂੰ ਨਹੀਂ ਲੱਭ ਸਕੇ। ਪੁਲਿਸ ਦੇ ਅੰਦਰੂਨੀ ਸੂਤਰਾਂ ਦੇ ਮੁਤਾਬਕ ਸੁਮੇਧ ਸੈਣੀ ਦੀ ਪਤਨੀ ਕਹਿੰਦੀ ਹੈ ਕਿ 22 ਅਗਸਤ ਤੋਂ ਬਾਅਦ ਸੈਣੀ ਨੇ ਉਨ੍ਹਾਂ ਨਾਲ ਸੰਪਰਕ ਨਹੀਂਕੀਤਾ। ਹਿਮਾਚਲ ਪ੍ਰਦੇਸ਼ ਦੀ ਰਾਜਧਾਨੀ ਸ਼ਿਮਲਾ ਵਿੱਚ ਵੀਸੈਣੀ ਦੇ ਘਰ ਉੱਤੇ ਪੁਲਿਸ ਨੇ ਛਾਪਾ ਮਾਰਿਆ ਤਾਂ ਉਨ੍ਹਾਂ ਦੇ ਨੌਕਰ ਮਿਲੇ ਸਨ ਤੇ ਹੋਰ ਥਾਂਈਂ ਵੀ ਉਸ ਦਾ ਕੋਈ ਪਤਾ ਨਹੀਂ ਲੱਗ ਸਕਿਆ। ਵਰਨਣ ਯੋਗ ਹੈ ਕਿ ਬੀਤੇ ਮੰਗਲਵਾਰ ਪੰਜਾਬ ਹਰਿਆਣਾ ਹਾਈ ਕੋਰਟ ਨੇ ਸੈਣੀ ਦੀ ਪੇਸ਼ਗੀ ਜ਼ਮਾਨਤ ਦੀ ਅਰਜ਼ੀਰੱਦ ਕਰ ਦਿੱਤੀ ਸੀ। ਉਸ ਤੋਂ ਬਾਅਦ ਪੰਜਾਬ ਪੁਲਿਸ ਉਸ ਨੂੰ ਫੜਨ ਦੇ ਲਈ ਪੰਜਾਬ ਅਤੇ ਹੋਰਨਾਂ ਰਾਜਾਂ ਵਿੱਚ ਵੱਖ-ਵੱਖ ਥਾਂਈਂ ਛਾਪੇਮਾਰ ਰਹੀ ਹੈ।

ਪੰਜਾਬ ਪੁਲਸ ਦੇ ਸਾਬਕਾ ਡੀਜੀਪੀ ਸੁਮੇਧ ਸੈਣੀ ਦੀ ਗ੍ਰਿਫਤਾਰੀ ਵਿਚ ਹੋਈ ਦੇਰੀਕਾਰਨ ਪੁਲਿਸ ਉੱਤੇਸਵਾਲ ਉੱਠਣ ਲੱਗੇ ਹਨ। ਹੋਰਨਾਂ ਤੋਂ ਇਲਾਵਾ ਪੰਜਾਬ ਦੇ ਦੋ ਕੈਬਨਿਟ ਮੰਤਰੀਆਂ ਨੇ ਸੁਮੇਧ ਸੈਣੀ ਦੇ ਗ਼ਾਇਬ ਹੋਣ ਉੱਤੇ ਸਖ਼ਤ ਸ਼ਬਦਾਵਲੀ ਵਿੱਚ ਉਸ ਦੀ ਸੁਰੱਖਿਆ ਵਾਲੇ ਪੁਲਿਸ ਮੁਲਾਜ਼ਮਾਂ ਨੂੰਸਸਪੈਂਡ ਕਰਨ ਦੀ ਮੰਗ ਕੀਤੀ ਹੈ, ਜਿਨ੍ਹਾਂ ਨੂੰ ਝਕਾਨੀ ਦੇ ਕੇ ਉਹ ਫ਼ਰਾਰ ਹੋ ਗਿਆ ਹੈ। ਕਈ ਲੋਕਾਂ ਦਾ ਕਹਿਣਾ ਹੈ ਕਿ ਪਹਿਲੀ ਸਤੰਬਰ ਨੂੰ ਮੋਹਾਲੀ ਸੈਸ਼ਨ ਕੋਰਟ ਵਿੱਚ ਸੈਣੀ ਦੀ ਪੇਸ਼ਗੀ ਜ਼ਮਾਨਤ ਦੀ ਅਰਜ਼ੀ ਰੱਦ ਹੋਣ ਪਿੱਛੋਂ ਉਨ੍ਹਾਂ ਦੀ ਗ੍ਰਿਫਤਾਰੀਹੋ ਸਕਦੀ ਸੀ, ਪਰ 10 ਦਿਨ ਬੀਤਣ ਪਿੱਛੋਂ ਵੀ ਪੰਜਾਬ ਪੁਲਿਸ ਅੱਜ ਤਕ ਉਸ ਨੂੰ ਲੱਭ ਹੀਨਹੀਂ ਸਕੀ।

ਇਸ ਦੌਰਾਨ ਸੁਮੇਧ ਸੈਣੀ ਨੇ ਪੰਜਾਬ ਹਰਿਆਣਾ ਹਾਈਕੋਰਟ ਵੱਲੋਂ ਜ਼ਮਾਨਤ ਅਰਜ਼ੀ ਰੱਦ ਹੋਣ ਪਿੱਛੋਂ ਸੁਪਰੀਮ ਕੋਰਟ ਤੱਕ ਪਹੁੰਚ ਕੀਤੀ ਹੈ। ਉਸ ਨੇ ਆਪਣੇ ਵਕੀਲ ਰਾਹੀਂ ਅੱਜ ਵੀਰਵਾਰ ਨੂੰ ਅਗਾਊਂ ਜ਼ਮਾਨਤ ਲਈਸੁਪਰੀਮ ਕੋਰਟ ਵਿੱਚ ਅਰਜ਼ੀ ਪੇਸ਼ ਕੀਤੀ ਹੈ, ਜਿਸ ਉੱਤੇ ਸੋਮਵਾਰ ਨੂੰ ਸੁਣਵਾਈ ਹੋ ਸਕਦੀ ਹੈ।

# ਕਰੋਨਾ ਨਾਲ ਡੈੱਥ ਰੇਟ ਵਿੱਚ ਪੰਜਾਬ ਪਹਿਲੇ ਨੰਬਰ ਉੱਤੇ ਜਾ ਪੁੱਜਾ

ਚੰਡੀਗੜ੍ਹ, 10 ਸਤੰਬਰ, (ਪੋਸਟ ਬਿਊਰੋ)- ਪੰਜਾਬ ਵਿੱਚ ਕਰੋਨਾ ਵਾਇਰਸ ਦੇ ਕੇਸ ਵਧਣ ਨਾਲ ਮੌਤਾਂ ਦੀ ਦਰਵੀ ਵਧ ਰਹੀ ਹੈ ਅਤੇ ਡੈੱਥ ਰੇਟ ਦੇ ਪੱਖ ਤੋਂ ਪੰਜਾਬ ਆਪਣੇ ਦੇਸ਼ ਵਿੱਚਪਹਿਲੇ ਨੰਬਰ ਉੱਤੇ ਚਲਾ ਗਿਆ ਹੈ। ਬੀਤੇ ਚੌਵੀ ਘੰਟਿਆਂ ਵਿਚ ਪੰਜਾਬ ਵਿੱਚ 88 ਲੋਕਾਂ ਦੀ ਮੌਤ ਹੋਈ ਅਤੇ 2464 ਨਵੇਂ ਕੇਸ ਮਿਲੇ ਹਨ। ਇਸ ਨਾਲ ਪੰਜਾਬ ਵਿੱਚ ਮੌਤਾਂ ਦੀ ਕੁੱਲ ਗਿਣਤੀ 2149 ਹੋ ਗਈ ਅਤੇ ਮੌਤਾਂ ਹੋਣ ਦੀ ਦਰ ਵਧ ਕੇ 3.0 ਤੱਕ ਜਾ ਪਹੁੰਚੀ ਹੈ।

ਕੇਂਦਰ ਸਰਕਾਰ ਵੱਲੋਂ ਦਿੱਤੇ ਅੰਕੜਿਆਂ ਮੁਤਾਬਕ ਪੰਜਾਬ ਵਿੱਚ ਕੋਰੋਨਾ ਦੇ ਮਰੀਜ਼ਾਂ ਦਾ ਡੈੱਥ ਰੇਟ 3.0 ਹੈ, ਜਦਕਿ ਮਹਾਰਾਸ਼ਟਰ ਤੇ ਗੁਜਰਾਤ ਵਿੱਚ 2.9 ਹੈ। ਪੰਜਾਬ ਦਾ ਰਿਕਵਰੀ ਰੇਟ ਵੀ ਬਾਕੀ ਰਾਜਾਂ ਤੋਂ ਘੱਟ ਹੈ। ਵੀਰਵਾਰ ਦੇ ਦਿਨ ਜਾਰੀ ਹੋਏ ਅੰਕੜਿਆਂ ਮੁਤਾਬਕ ਪੰਜਾਬ ਦਾ ਰਿਕਵਰੀ ਰੇਟ 73 ਫੀਸਦੀ ਹੈ। ਇਨ੍ਹਾਂ ਚੌਵੀ ਘੰਟਿਆਂ ਦੌਰਾਨ ਪੰਜਾਬ ਵਿੱਚ ਕੋਰੋਨਾਵਾਇਰਸ ਦੇ 2464 ਨਵੇਂ ਕੇਸਾਂ ਨਾਲ ਕੁੱਲ ਕੇਸ 72143 ਹੋ ਗਏ ਹਨ। ਵੀਰਵਾਰ ਨੂੰ ਸਭ ਤੋਂ ਵੱਧ 307 ਕੇਸ ਮੁਹਾਲੀ ਵਿੱਚ ਮਿਲੇ ਹਨ। ਅੰਮ੍ਰਿਤਸਰ ਵਿੱਚ 295, ਜਲੰਧਰ 277, ਬਠਿੰਡਾ 202, ਲੁਧਿਆਣਾ 120, ਪਟਿਆਲਾ 144, ਪਠਾਨਕੋਟ 195, ਹੁਸ਼ਿਆਰਪੁਰ 141 ਅਤੇ ਗੁਰਦਾਸਪੁਰ 156 ਨਵੇਂ ਕੇਸ ਪਤਾ ਲੱਗੇ ਹਨ। ਇਸ ਦੌਰਾਨ ਪੰਜਾਬ ਵਿੱਚ ਚੌਵੀ ਘੰਟਿਆਂ ਵਿੱਚ ਸਭ ਤੋਂ ਵੱਧ ਅੰਮ੍ਰਿਤਸਰ ਵਿੱਚ 16 ਮੌਤਾਂ ਹੋਈਆਂ, ਮੁਹਾਲੀ ਵਿੱਚ 14,ਲੁਧਿਆਣਾ 11,ਜਲੰਧਰ 9, ਫਿਰੋਜ਼ਪੁਰ 7,ਰੋਪੜ 5, ਪਟਿਆਲਾ, ਕਪੂਰਥਲਾ ਅਤੇ ਮੋਗਾ 4-4,ਫਤਿਹਗੜ੍ਹ ਸਾਹਿਬ ਅਤੇ ਗੁਰਦਾਸਪੁਰ 3-3, ਹੁਸ਼ਿਆਰਪੁਰ ਅਤੇ ਸੰਗਰੂਰ 2-2, ਫਰੀਦਕੋਟ, ਮਾਨਸਾ, ਮੁਕਤਸਰ ਅਤੇ ਤਰਨ ਤਾਰਨ ਵਿੱਚ 1-1 ਵਿਅਕਤੀ ਦੀ ਮੌਤ ਹੋਈ ਹੈ।

# ਪਾਕਿ ਪੁਲਸ ਤਿੰਨ ਸਾਲਾ ਬੱਚੇ ਨੂੰ ਫੜਨ ਗਈ

ਲਾਹੌਰ, 10 ਸਤੰਬਰ (ਪੋਸਟ ਬਿਊਰੋ)- ਪਾਕਿਸਤਾਨ ਦੇ ਸੂਬਾ ਪੰਜਾਬ ਦੇ ਸ਼ਹਿਰ ਫੈਸਲਾਬਾਦ ਦੀ ਪੁਲਸ ਨੇ ਤਿੰਨ ਸਾਲ ਦੇ ਸ਼ਿਆ ਬਰਾਦਰੀ ਦੇ ਲੜਕੇ ਫੈਜਲ ਆਬਾਸ ਵਿਰੁੱਧ ਇਹ ਕਹਿ ਕੇ ਕੇਸ ਦਰਜ ਕੀਤਾ ਹੈ ਕਿ ਉਸ ਨੇ ਆਪਣੇ ਘਰ 'ਚ ਸ਼ਿਆ ਬਰਾਦਰੀ ਹੋਣ ਦੇ ਬਾਵਜੂਦ ਇਸਲਾਮ ਬਾਰੇ ਧਾਰਮਿਕ ਪ੍ਰੋਗਰਾਮ ਕੀਤਾ ਹੈ। ਵਰਨਣ ਯੋਗ ਹੈ ਕਿ ਪਾਕਿਸਤਾਨ ਦੇ ਸ਼ਿਆ ਬਰਾਦਰੀ ਦੇ ਲੋਕਾਂ ਨੂੰ ਮੁਸਲਿਮ ਨਹੀਂ ਮੰਨਿਆਂ ਜਾਂਦਾ ਅਤੇ ਨਾ ਉਨ੍ਹਾਂ ਨੂੰ ਇਸਲਾਮ ਦਾ ਧਾਰਮਿਕ ਪ੍ਰੋਗਰਾਮ ਕਰਵਾਉਣ ਦੀ ਇਜਾਜ਼ਤ ਹੈ। ਪਤਾ ਲੱਗਾ ਹੈ ਕਿ ਪੁਲਸ ਤੜਕਸਾਰ ਫੈਸਲਾਬਾਦ ਦੀ ਸ਼ਿਆ ਬਰਾਦਰੀ ਦੇ ਰਹਿਣ ਵਾਲੇ ਲੋਕਾਂ ਦੀ ਆਬਾਦੀ 'ਚ ਆਈ ਅਤੇ ਉਸ ਕੋਲ ਫੈਜਲ ਅਬਾਸ ਪੁੱਤਰ ਹੈਦਰ ਅਬਾਸ ਦੀ ਗ੍ਰਿਫ਼ਤਾਰੀ ਦਾ ਵਾਰੰਟ ਸੀ। ਜਦ ਲੋਕਾਂ ਨੇ ਪੁਲਸ ਤੋਂ ਪੁੱਛਿਆ ਕਿ ਫੈਜਲ ਆਬਾਸ ਦਾ ਦੋਸ਼ ਕੀ ਹੈ ਤਾਂ ਪੁਲਸ ਨੇ ਦੱਸਿਆ ਕਿ ਫੈਜਲ ਆਬਾਸ ਨੇ ਤਿੰਨ ਦਿਨ ਪਹਿਲਾਂ ਆਪਣੇ ਘਰ ਇਸਲਾਮਿਕ (ਜਲਸਾ) ਪ੍ਰੋਗਰਾਮ ਕੀਤਾ ਸੀ ਅਤੇ ਉਸ ਦੇ ਵਿਰੁੱਧ ਸ਼ਿਕਾਇਤ ਮਿਲਣ 'ਤੇ ਕੇਸ ਦਰਜ ਕੀਤਾ ਗਿਆ ਹੈ। ਲੋਕਾਂ ਦੇ ਵਿਰੋਧ ਤੋਂ ਬਾਅਦ ਪੁਲਸ ਉਸ ਸਮੇਂ ਤਾਂ ਉਥੋਂ ਵਾਪਸ ਚਲੀ ਗਈ ਪਰ ਲੋਕਾਂ ਨੂੰ ਇਹ ਕਹਿ ਗਈ ਕਿ ਇੱਕ ਦਿਨ 'ਚ ਫੈਜਲ ਆਬਾਸ ਨੂੰ ਪੁਲਸ ਸਟੇਸ਼ਨ ਲੈ ਕੇ ਆਇਆ ਜਾਵੇ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੁਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ




Join and Represent Us
- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੋਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto
email: bsidhu@steinmetzlawyers.ca website: www.steinmetzlawyers.ca



# ਸੰਪਾਦਕੀ

## ਕੋਰੋਨਾ ਵਾਇਰਸ ਵੱਲੋਂ ਕੈਨੇਡੀਅਨ ਆਰਥਕਤਾ ਨੂੰ ਖੋਰਾ

ਕੈਨੇਡਾ ਵਿੱਚ ਕੋਰੋਨਾ ਵਾਇਰਸ ਕਾਰਣ ਪਹਿਲੀ ਮੌਤ ਹੋਈ ਨੂੰ 6 ਮਹੀਨੇ ਦਾ ਸਮਾਂ ਬੀਤ ਚੁੱਕਾ ਹੈ ਜਦੋਂ ਮਾਰਚ ਵਿੱਚ ਵੈਨਕੂਵਰ ਵਿੱਚ ਇੱਕ ਬਜ਼ੁਰਗ ਦੀ ਮੌਤ ਹੋਈ ਸੀ। ਮਈ ਮਹੀਨਾ ਸੱਭ ਤੋਂ ਵਧੇਰੇ ਖਤਰਨਾਕ ਰਿਹਾ ਜਿਸਤੋਂ ਬਾਅਦ ਗਰਮੀ ਵਿੱਚ ਕੋਰੋਨਾ ਕੇਸਾਂ ਵਿੱਚ ਗਿਰਾਵਟ ਆਉਣੀ ਆਰੰਭ ਹੋਈ। ਜੇਕਰ ਕੋਰੋਨਾ ਕਾਰਣ ਹੋਈਆਂ ਮੌਤਾਂ ਦੀ ਗੱਲ ਕੀਤੀ ਜਾਵੇ ਤਾਂ ਆਮ ਧਾਰਨਾ ਦੇ ਉਲਟ ਕੈਨੇਡਾ ਦਾ ਕੋਈ ਬਹੁਤਾ ਚੰਗਾ ਰਿਕਾਰਡ ਨਹੀਂ ਹੈ। ਮਿਸਾਲ ਵਜੋਂ ਜੇ ਕੈਨੇਡਾ ਵਿੱਚ ਕੋਰੋਨਾ ਵਾਇਰਸ ਦੇ ਦਸ ਲੱਖ ਲੋਕਾਂ ਪਿੱਛੇ 2753 ਕੇਸ ਦਰਜ਼ ਕੀਤੇ ਗਏ ਹਨ ਤਾਂ ਆਸਟਰੇਲੀਆ ਵਿੱਚ ਦਸ ਲੱਖ ਲੋਕਾਂ ਪਿੱਛੇ 307, ਨਿਊਜ਼ੀਲੈਂਡ ਵਿੱਚ 244 ਅਤੇ ਜਾਪਾਨ ਵਿੱਚ 148 ਕੇਸ ਰਹੇ ਹਨ। ਇਵੇਂ ਹੀ ਕੈਨੇਡਾ ਵਿੱਚ ਦਸ ਲੱਖ ਲੋਕਾਂ ਪਿੱਛੇ ਕੋਰੋਨਾ ਵਾਇਰਸ ਨਾਲ 227 ਮੌਤਾਂ ਹੋਈਆਂ ਹਨ ਜਦੋਂ ਕਿ ਜਾਪਾਨ ਵਿੱਚ 7.7, ਨਿਊਜ਼ੀਲੈਂਡ ਵਿੱਚ 4.5 ਅਤੇ ਆਸਟਰੇਲੀਆ ਵਿੱਚ 4.1 ਮੌਤਾਂ ਹੋਈਆਂ। ਕੋਰੋਨਾ ਦੇ ਕੇਸਾਂ ਅਤੇ ਇਸ ਬਿਮਾਰੀ ਕਾਰਣ ਹੋਈਆਂ ਮੌਤਾਂ ਦੇ ਨੁਕਤੇ ਤੋਂ ਕੈਨੇਡਾ ਦਾ ਰਿਕਾਰਡ ਇੰਗਲੈਂਡ ਅਤੇ ਅਮਰੀਕਾ ਨਾਲੋਂ ਬੇਸ਼ੱਕ ਬਿਹਤਰ ਰਿਹਾ ਹੈ ਪਰ ਹੋਰ ਬਰਾਬਰ ਦੇ ਵਿਕਸਿਤ ਮੁਲਕਾਂ ਮੁਕਾ-ਬਲੇ ਸਾਡਾ ਰਿਕਾਰਡ ਖਰਾਬ ਹੈ।

ਕੋਰੋਨਾ ਕੇਸਾਂ ਅਤੇ ਨਤੀਜੇ ਵਜੋਂ ਹੋਈਆਂ ਮੌਤਾਂ ਬਾਰੇ ਅੰਕੜੇ ਦੇਣੇ ਇਸ ਲਈ ਜਰੂਰੀ ਹਨ ਕਿ ਆ ਰਹੀ 23 ਸਤੰਬਰ ਨੂੰ ਫੈਡਰਲ ਸਰਕਾਰ ਵੱਲੋਂ ਪਾਲਰੀਮੈਂਟ ਖੁੱਲਣ ਉੱਤੇ ਗਵਰਨਰ ਜਨਰਲ ਦੇ ਮੂੰਹੋਂ ਥਰੋਨ ਸਪੀਚ ਕਰਵਾਈ ਜਾਵਗੀ। ਉਮੀਦ ਕੀਤੀ ਜਾਂਦੀ ਹੈ ਕਿ ਥਰੋਨ ਸਪੀਚ ਵਿੱਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਡਾਲਰਾਂ ਦੇ ਹੋਰ ਗੱਫੇ ਐਲਾਨੇ ਜਾਣਗੇ। ਥਰੋਨ ਸਪੀਚ ਵਿੱਚ ਅਜਿਹੇ ਵਾਅਦੇ ਕੀਤੇ ਜਾਣਗੇ ਜਿਹਨਾਂ ਨਾਲ ਕੰਜ਼ਰਵੇਟਿਵਾਂ ਅਤੇ ਬਲਾਕ ਕਿਉਬਿਕੋਆ ਨੂੰ ਥਰੋਨ ਸਪੀਚ ਦੇ ਹੱਕ ਵਿੱਚ ਗੱਲ ਕਰਨੀ ਔਖੀ ਹੋ ਜਾਵੇ ਅਤੇ ਜੇ ਕਰਨ ਤਾਂ ਪਬਲਿਕ ਉਹਨਾਂ ਨੂੰ ਲੋਕ ਵਿਰੋਧੀ ਖਿਆਲਣ ਲੱਗ ਪਵੇ। ਦੂਜੇ ਪਾਸੇ ਐਨ ਡੀ ਪੀ ਨੂੰ ਚਿੱਤ ਕਰਨ ਲਈ ਡਾਲਰਾਂ ਨੂੰ ਐਨਾ ਬਖੇਰਿਆ ਜਾਵੇ ਕਿ ਉਸ ਕੋਲ ਥਰੋਨ ਸਪੀਚ ਦੇ ਵਿਰੋਧ ਵਿੱਚ ਵੋਟ ਪਾਉਣ ਦਾ ਕੋਈ ਕਾਰਣ ਵਿਖਾਈ ਨਾ ਦੇਵੇ। ਫੇਰ ਵੀ ਜੇ ਸਰਕਾਰ ਡਿੱਗ ਪਵੇ ਤਾਂ ਪ੍ਰਧਾਨ ਮੰਤਰੀ ਖੁਦ ਨੂੰ ਬਲੀ ਦਾ ਬੱਕਰਾ ਕਰਾਰ ਦੇ ਸੱਕਣ ਕਿਉਂਕਿ ਉਹ ਜਾਣਦੇ ਹਨ ਕਿ ਹਾਲੇ ਬਹੁਮਤ ਲੈਣ ਜੋਗੀ ਪਬਲਿਕ ਰਾਏ ਉਹਨਾਂ ਦੇ ਹੱਕ ਵਿੱਚ ਕਾਇਮ ਨਹੀਂ ਹੋਈ ਹੈ।

ਜੁਲਾਈ ਦੇ ਆਰੰਭ ਵਿੱਚ ਤਤਕਾਲੀ ਵਿੱਤ ਮੰਤਰੀ ਬਿੱਲ ਮੌਰਨੂ ਨੇ ਅੰਕੜੇ ਜਾਰੀ ਕੀਤੇ ਸਨ ਜਿਹਨਾਂ ਮੁਤਾਬਕ ਅਗਲੇ ਸਾਲ ਬੱਜਟ ਵਿੱਚ 343 ਬਿਲੀਅਨ ਡਾਲਰ ਦਾ ਘਾਟਾ ਹੋਣਾ ਸੀ ਜੋ ਕਿ ਪਿਛਲੇ ਸਾਲ ਨਾਲੋਂ 1000% ਵੱਧ ਹੁੰਦਾ। ਹੁਣ ਜਦੋਂ ਬਿੱਲ ਮੌਰਨੂ ਅਸਤੀਫਾ ਦੇ ਕੇ ਲਾਂਭੇ ਹੋ ਚੁੱਕਾ ਹੈ ਤਾਂ ਜਸਟਨਿ ਟਰੂਡੋ ਹੋਰਾਂ ਦੇ ਹੱਥ ਰੋਕਣ ਵਾਲਾ ਕੌਣ ਹੋਵੇਗਾ? ਚੇਤੇ ਰਹੇ ਕਿ ਕੋਰੋਨਾ ਵਾਇਰਸ ਨਾਲ ਮੁਕਾਬਲਾ ਕਰਨ ਲਈ ਆਰਥਕਤਾ ਨੂੰ ਸਹਾਰਾ ਦੇਣ ਵਿੱਚ ਪੈਸੇ ਵੰਡਣ ਦੇ ਮਾਮਲੇ ਵਿੱਚ G-20 ਮੁਲਕਾਂ ਵਿੱਚੋਂ ਕੈਨੇਡਾ ਦਾ ਦੂਜਾ ਨੰਬਰ ਆਉਂਦਾ ਹੈ। ਟਰੂਡੋ ਸਰਕਾਰ ਨੇ ਆਰਥਕਤਾ ਨੂੰ ਥਾਂ ਸਿਰ ਰੱਖਣ ਦੇ ਨਾਮ ਉੱਤੇ ਗਰਾਸ ਡੋਮੈਸਟਿਕ ਪ੍ਰਾਡਕਟ (GDP) ਦਾ 15% ਖਰਚ ਕੀਤਾ ਹੈ ਜੋ ਕਿ G-20 ਮੁਲਕਾਂ ਵਿੱਚੋਂ ਸਿਰਫ਼ ਜਾਪਾਨ ਦੇ 21.1% ਨਾਲੋਂ ਘੱਟ ਹੈ। ਆਸਟਰੇਲੀਆ 10.6%, ਫਰਾਂਸ 5%, ਇਟਲੀ 4%, ਜਰਮਨੀ 8.9% ਅਤੇ ਅਮਰੀਕਾ 11.8% ਉੱਤੇ ਖੜੇ ਹਨ। ਇਸਦੇ ਬਾਵਜੂਦ ਕੋਰਨਾ ਕੇਸਾਂ ਅਤੇ ਮੌਤਾਂ ਦੀ ਦਰ ਵਿੱਚ ਅਸੀਂ ਹੋਰ ਵਿਕਸਿਤ ਦੇਸ਼ਾਂ ਨਾਲੋਂ ਕਿਤੇ ਥੱਲੇ ਹਾਂ।

ਕੈਨੇਡਾ ਦੇ ਪਾਰਲੀਮੈਂਟਰੀ ਬੱਜਟ ਅਫ਼ਸਰ ਦਾ ਆਖਣਾ ਹੈ ਕਿ ਜਿਸ ਪੱਧਰ ਉੱਤੇ ਕੈਨੇਡਾ ਦੇ ਬੱਜਟ ਵਿੱਚ ਘਾਟਾ ਵੱਧ ਰਿਹਾ ਹੈ ਉਸਨੂੰ ਅਗਲੇ 1 ਤੋਂ 2 ਸਾਲ ਵਿੱਚ ਸਥਿਰ ਰੱਖਣਾ ਔਖਾ ਹੋ ਜਾਵੇਗਾ। ਪਾਰਲੀਮੈਂਟਰੀ ਬੱਜਟ ਅਫ਼ਸਰ ਮੁਤਾਬਕ 300 ਬਿਲੀਅਨ ਡਾਲਰ ਤੋਂ ਵੱਧ ਘਾਟੇ ਨੂੰ ਸਹਿਣ ਕਰਨਾ ਕੈਨੇਡੀਅਨ ਇਕਾਨਮੀ ਦੇ ਵੱਸ ਦਾ ਰੋਗ ਨਹੀਂ ਹੈ। ਫੈਡਰਲ ਸਰਕਾਰ ਜੁਲਾਈ ਵਿੱਚ ਹੀ ਐਲਾਨ ਕਰਨ ਚੁੱਕੀ ਹੈ ਕਿ ਅਗਲੇ ਸਾਲ 343 ਬਿਲੀਅਨ ਡਾਲਰ ਦਾ ਘਾਟਾ ਹੋਣ ਜਾ ਰਿਹਾ ਹੈ। ਇਸਦੇ ਬਾਵਜੂਦ ਪ੍ਰਧਾਨ ਮੰਤਰੀ ਟਰੂਡੋ ਨੂੰ 'ਗਰੀਨ ਇਕਾਨਮੀ' ਵੱਲ ਜਾਣ ਦਾ ਜੋਸ਼ ਚੜਿਆ ਹੋਇਆ ਹੈ। ਸਕੋਸ਼ੀਆ ਬੈਂਕ ਮੁਤਾਬਕ ਅਗਲੇ ਸਾਲ ਕੈਨੇਡਾ ਦੇ ਬੱਜਟ ਦਾ ਘਾਟਾ ਗਰਾਡ ਡੋਮੈਸਟਿਕ ਪ੍ਰਾਡਕਟ ਤੋਂ 14% ਵੱਧ ਜਾਵੇਗਾ ਅਤੇ ਦੇਸ਼ ਦਾ ਕਰਜ਼ਾ GDP ਦੇ ਮੁਕਾਬਲੇ 48% ਹੋ ਜਾਵੇਗਾ।

## ਓਨਟਾਰੀਓ ਸਿੱਖਜ਼ ਕਾਉਂਸਲ ਦੇ ਗੋਬਿੰਦਰ ਰੰਧਾਵਾ ਦੇ ਪਿਤਾ ਸਮੇਤ ਸਾਬਕਾ ਫੌਜੀਆਂ ਦਾ ਭਾਰਤ ਸਰਕਾਰ ਵੱਲੋਂ ਸਨਮਾਨ



ਕਮਾਂਡਰ ਜੋਗਿੰਦਰ ਗੇਈ



ਕੈਪਟਨ ਮਹਿੰਦਰ ਸਿੰਘ



ਸੂਬੇਦਾਰ ਗੱਜਣ ਸਿੰਘ



ਮੇਜਰ ਦਰਸ਼ਨ ਸਿੰਘ



ਨਾਇਬ ਸੂਬੇਦਾਰ ਗੁਰਦਿਆਲ ਸਿੰਘ



ਸੂਬੇਦਾਰ ਮੇਜਰ ਪ੍ਰੀਤਮ ਸਿੰਘ

...ਪੰਨਾ 1 ਦਾ ਬਾਕੀ

ਕਾਉਂਸਲ ਜਨਰਲ ਅਪੂਰਵਾ ਸ਼੍ਰੀਵਾਸਤਵ ਵੱਲੋਂ ਦੇਸ਼ ਲਈ ਨਿਭਾਈ ਗਈ ਸੇਵਾ ਬਦਲੇ ਇਨ੍ਹਾਂ ਸਾਬਕਾ ਸੈਨਿਕਾਂ ਨੂੰ ਮੋਮੈਂਟੋ ਤੇ ਸ਼ਾਲ ਦੇ ਕੇ ਸਨਮਾਨਿਤ ਕੀਤਾ ਗਿਆ।

ਇਸ ਦੌਰਾਨ ਸੱਤ ਵੈਟਰਨਜ਼ ਦੀ ਚੋਣ ਕੀਤੀ ਗਈ ਜਿਨ੍ਹਾਂ ਵਿੱਚ ਕੈਪਟਨ ਬਖਸ਼ੀਸ਼ ਸਿੰਘ ਰੰਧਾਵਾ ਤੋਂ ਇਲਾਵਾ ਕਮਾਂਡਰ ਜੋਗਿੰਦਰ ਗੇਈ, ਮੇਜਰ ਦਰਸ਼ਨ ਸਿੰਘ ਸੰਘੇੜਾ, ਕੈਪਟਨ ਮੋਹਿੰਦਰ ਸਿੰਘ, ਸੂਬੇਦਾਰ ਮੇਜਰ ਪ੍ਰੀਤਮ ਸਿੰਘ ਧਾਲੀਵਾਲ, ਸੂਬੇਦਾਰ ਗੱਜਣ ਸਿੰਘ ਮਾਵੀ ਅਤੇ ਨਾਇਬ ਸੂਬੇਦਾਰ ਗੁਰਦਿਆਲ ਸਿੰਘ ਗਰੇਵਾਲ ਨੂੰ ਸਨਮਾਨਿਤ ਕੀਤਾ ਗਿਆ।

ਇੱਥੇ ਦੱਸਣਾ ਬਣਦਾ ਹੈ ਕਿ ਬਖਸ਼ੀਸ਼ ਸਿੰਘ ਰੰਧਾਵਾ, ਗੋਬਿੰਦਰ ਸਿੰਘ ਰੰਧਾਵਾਂ ਦੇ ਪਿਤਾ ਹਨ, ਜੋ ਓਨਟਾਰੀਓ ਸਿੱਖਜ਼ ਕਾਉਂਸਲ ਦੇ ਪ੍ਰਧਾਨ ਤੇ ਮੌਜੂਦਾ ਇੱਕ ਤਰ੍ਹਾਂ ਦੇ ਸਪੋਕ-ਸਪਰਸਨ ਵੀ ਹਨ, ਉਹ ਡਾਊਨਟਾਊਨ ਨਗਰ ਕੀਰਤਨ ਦੀ ਸਟੇਜ ਤੋਂ ਪ੍ਰੈੱਸ ਰਲੀਜ਼ ਜਾਰੀ ਕਰਦਿਆਂ ਸਿੱਖਾਂ ਲਈ ਵੱਖਰੇ ਰਾਜ ਦੀ ਮੰਗ ਦਾ ਮੁੱਦਾ ਉਠਾ ਚੁੱਕੇ ਹਨ ਤੇ ਸਕਾਰਬਰੋ ਗੁਰਦੁਆਰਾ ਸਾਹਿਬਾਨ ਵਿਖੇ ਭਾਰਤੀ ਕਾਉਂਸਲ ਜਨਰਲ ਨੂੰ ਸਟੇਜ ਦੇਣ ਦਾ ਵਿਰੋਧ ਵੀ ਕਰਦੇ ਰਹੇ ਹਨ ਅਤੇ ਕਿਸੇ ਸਮੇਂ ਡਬਲਿਊਐਸਓ ਨਾਲ ਰਲ ਕੇ ਖਾਲਿਸਤਾਨ ਦੀ ਮੰਗ ਕਰਨ ਵਾਲੇ ਮੋਢੀਆਂ ਵਿੱਚੋਂ ਹਨ।

## ਕੁਫਰ ਦੇ ਕਾਨੂੰਨ ਅਧੀਨ ਇਸਾਈ ਮਜ਼ਦੂਰ ਨੂੰ ਮੌਤ ਦੀ ਸਜ਼ਾ

ਲਾਹੌਰ, 10 ਸਤੰਬਰ (ਪੋਸਟ ਬਿਊਰੋ)- ਲਾਹੌਰ ਦੇ ਵਧੀਕ ਸੈਸ਼ਨ ਜੱਜ ਨੇ ਕੁਫਰ ਦੇ ਕੇਸ ਦੀ ਸੁਣਵਾਈ ਕਰਦੇ ਹੋਏ ਇੱਕ ਕ੍ਰਿਸ਼ਚੀਅਨ ਮਜ਼ਦੂਰ ਨੂੰ ਮੌਤ ਦੀ ਸਜ਼ਾ ਸੁਣਾਈ ਹੈ।

ਇਹ ਮਜ਼ਦੂਰ ਸਾਲ 2013 ਤੋਂ ਇਸ ਜੁਰਮ ਵਿੱਚ ਜੇਲ੍ਹ 'ਚ ਬੰਦ ਸੀ। ਦੋਸ਼ੀ ਆਸਿਫ ਪ੍ਰਵੇਜ਼ ਵਾਸੀ ਲਾਹੌਰ ਇੱਕ ਗਾਰਮੈਂਟ ਫੈਕਟਰੀ 'ਚ ਮਜ਼ਦੂਰ ਸੀ ਅਤੇ ਉਸ ਨੂੰ ਸਾਲ 2013 'ਚ ਉਸ ਸਮੇਂ ਇਸ ਕਾਨੂੰਨ ਹੇਠ ਗ੍ਰਿਫਤਾਰ ਕੀਤਾ ਗਿਆ ਸੀ, ਜਦ ਫੈਕਟਰੀ ਸੁਪਰਵਾਈਜ਼ਰ ਨੇ ਪੁਲਸ ਨੂੰ ਸ਼ਿਕਾਇਤ ਦਿੱਤੀ ਅਕਿ ਪ੍ਰਵੇਜ਼ ਨੇ ਆਪਣੇ ਮੋਬਾਈਲ ਤੋਂ ਇਸਲਾਮ ਦੇ ਖ਼ਿਲਾਫ਼ ਅਪਮਾਨ ਜਨਕ ਟਿੱਪਣੀ ਕੀਤੀ ਹੈ। ਉਦੋਂ ਵੀ ਪ੍ਰਵੇਜ਼ ਨੇ ਪੁਲਸ ਨੂੰ ਕਿਹਾ ਸੀ ਕਿ ਉਸ ਦਾ ਸੁਪਰਵਾਈਜ਼ਰ ਉਸ ਨੂੰ ਇਸਲਾਮ ਗ੍ਰਹਿਣ ਕਰਨ ਲਈ ਦਬਾਅ ਪਾਉਂਦਾ ਸੀ ਅਤੇ ਇਨਕਾਰ ਕਰਨ 'ਤੇ ਉਸ ਨੇ ਇੱਕ ਦਿਨ ਉਸ ਦਾ ਮੋਬਾਇਲ ਲੈ ਕੇ ਉਸ ਤੋਂ ਗਲਤ ਸੰਦੇਸ਼ ਵਾਇਰਲ ਕਰ ਦਿੱਤਾ। ਹੇਠਲੀ ਅਦਾਲਤ ਨੇ ਉਸ ਨੂੰ ਤਿੰਨ ਸਾਲ ਕੈਦ ਦੀ ਸਜ਼ਾ ਸੁਣਾਈ ਸੀ ਪਰ ਪੁਲਸ ਨੇ ਅਦਾਲਤ ਦੇ ਫੈਸਲੇ ਵਿਰੁੱਧ ਸੈਸ਼ਨ ਜੱਜ ਕੋਲ ਅਪੀਲ ਕੀਤੀ ਸੀ। ਉਦੋਂ ਤੋਂ ਇਹ ਕੇਸ ਐਡੀਸ਼ਨਲ ਸੈਸ਼ਨ ਜੱਜ ਲਾਹੌਰ ਮਨਸੂਰ ਅਹਿਮਦ ਕੁਰੈਸੀ ਦੀ ਅਦਾਲਤ 'ਚ ਲੱਗਾ ਸੀ। ਜੱਜ ਕੁਰੈਸ਼ੀ ਨੇ ਹੇਠਲੀ ਅਦਾਲਤ ਦੀ ਤਿੰਨ ਸਾਲ ਕੈਦ ਦੀ ਸਜ਼ਾ ਨੂੰ ਗਲਤ ਕਰਾਰ ਦਿੰਦੇ ਹੋਏ ਆਸਿਫ ਪ੍ਰਵੇਜ ਨੂੰ ਮੌਤ ਦੀ ਸਜ਼ਾ ਸੁਣਾਈ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh; Angrej Singh |
| **Office Admin** | Priya Dhillon |
| **Graphic Designer** | Priya Dhillon |
| **Photographer** | Kanwaljit Singh Kanwal |
| **Distributer** | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਅਮਰੀਕੀ ਐਨ ਜੀ ਓ ਦਾ ਖੁਲਾਸਾ: ਪਾਕਿਸਤਾਨੀ ਜੇਲ੍ਹਾਂ ਵਿੱਚ ਔਰਤਾਂ ਨਾਲ ਹੁੰਦੀ ਹੈ ਬਦਸਲੂਕੀ

ਨਿਊਯਾਰਕ, 10 ਸਤੰਬਰ (ਪੋਸਟ ਬਿਊਰੋ)- ਪਾਕਿਸਤਾਨੀ ਜੇਲ੍ਹਾਂ ਵਿੱਚ ਔਰਤਾਂ ਨਾਲ ਵੱਡੇ ਪੈਮਾਨੇ 'ਤੇ ਬਦਸਲੂਕੀ ਹੁੰਦੀ ਹੈ। ਇਹ ਖੁਲਾਸਾ ਅਮਰੀਕੀ ਐਨ ਜੀ ਓ ਹਿਊਮਨ ਰਾਈਟਸ ਵਾਚ ਦੇ ਏਸ਼ੀਆ ਖੇਤਰ ਦੇ ਡਾਇਰੈਕਟਰ ਬ੍ਰੈਡ ਏਡਮਸ ਨੇ ਕੀਤਾ ਹੈ। ਉਨ੍ਹਾਂ ਦੱਸਿਆ ਕਿ ਪਿੱਛੇ ਜਿਹੇ ਪਾਕਿਸਤਾਨ ਨੇ ਮਨੁੱਖੀ ਅਧਿਕਾਰਾਂ ਬਾਰੇ ਮੰਤਰਾਲੇ ਦੀ ਰਿਪੋਰਟ ਨੇ ਜੇਲ੍ਹਾਂ ਵਿੱਚ ਔਰਤਾਂ ਦੀ ਖ਼ਰਾਬ ਸਥਿਤੀ ਅਤੇ ਨਿਰੰਤਰ ਸੁਧਾਰ ਦੀ ਜ਼ਰੂਰਤ 'ਤੇ ਚਾਨਣ ਪਾਇਆ ਹੈ।

26 ਅਗਸਤ ਨੂੰ ਪ੍ਰਧਾਨ ਮੰਤਰੀ ਇਮ-ਰਾਨ ਖ਼ਾਨ ਨੂੰ ਕਮੇਟੀ ਵੱਲੋਂ ਦਿੱਤੀ ਗਈ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਪਾਕਿਸਤਾਨ ਦੇ ਜੇਲ੍ਹ ਕਾਨੂੰਨ ਅੰਤਰ ਰਾਸ਼ਟਰੀ ਮਿਆਰਾਂ ਨੂੰ ਪੂਰਾ ਨਹੀਂ ਕਰਦੇ। ਬ੍ਰੈਡ ਏਡਮਸ ਨੇ ਕਿਹਾ ਕਿ ਇਹ ਰਿਪੋਰਟ ਕੇਵਲ ਉਦੋਂ ਤਬਦੀਲੀ ਲਿਆ ਸਕਦੀ ਹੈ, ਜਦੋਂ ਪਾਕਿਸਤਾਨੀ ਅਧਿਕਾਰੀ ਇਸ ਦੀਆਂ ਸਿਫਾਰਿਸ਼ਾਂ ਦਾ ਪਾਲਣ ਕਰਨਗੇ। ਸਾਲ 2020 ਦੇ ਅੱਧ ਤੱਕ 1,121 ਔਰਤਾਂ ਵਿੱਚੋਂ 66 ਪ੍ਰਤੀਸ਼ਤ ਕਿਸੇ ਵੀ ਅਪਰਾਧ ਦੇ ਲਈ ਦੋਸ਼ੀ ਨਹੀਂ ਠਹਿਰਾਈਆਂ ਗਈਆਂ ਪਰ ਕੇਸ ਦੇ ਸਮਾਪਤੀ ਤਕ ਉਨ੍ਹਾਂ ਨੂੰ ਹਿਰਾਸਤ ਵਿੱਚ ਰੱਖਿਆ ਗਿਆ। 300 ਤੋਂ ਵੱਧ ਔਰਤਾਂ ਨੂੰ ਉਨ੍ਹਾਂ ਦੇ ਜੱਦੀ ਜ਼ਿਲ੍ਹਿਆਂ ਤੋਂ ਬਾਹਰ ਜੇਲ੍ਹ ਵਿੱਚ ਰੱਖਿਆ ਗਿਆ ਜਿਸ ਨਾਲ ਉਨ੍ਹਾਂ ਦੇ ਪਰਵਾਰਾਂ ਦਾ ਆਉਣਾ-ਜਾਣਾ ਲੱਗਭਗ ਅਸੰਭਵ ਹੋ ਗਿਆ ਸੀ। ਬੀਤੀ ਦੋ ਸਤੰਬਰ ਨੂੰ ਇਮਰਾਨ ਖ਼ਾਨ ਨੇ ਅਧਿਕਾਰੀਆਂ ਨੂੰ ਆਦੇਸ਼ ਦਿੱਤਾ ਕਿ ਉਹ ਸੁਪਰੀਮ ਕੋਰਟ ਦੇ ਫੈਸਲੇ ਦਾ ਪਾਲਣ ਕਰਦੇ ਹੋਏ ਜੇਲ੍ਹ ਦੀ ਭੀੜ ਘੱਟ ਕਰਨ ਤਾਂ ਕਿ ਕੋਵਿਡ-19 ਵਾਇਰਸ ਦੇ ਪਸਾਰ ਨੂੰ ਰੋਕਿਆ ਜਾ ਸਕੇ। ਇਸ ਦੇ ਬਾਅਦ ਕੁਝ ਔਰਤ ਕੈਦੀਆਂ ਨੂੰ ਛੱਡਿਆ ਗਿਆ। ਇਨ੍ਹਾਂ ਵਿੱਚ ਜ਼ਿਆਦਾਤਰ ਸਜਾ ਕੱਟ ਚੁੱਕੀਆਂ ਸਨ। ਇਮਰਾਨ ਨੇ ਵਿਦੇਸ਼ੀ ਮਹਿਲਾ ਕੈਦੀਆਂ ਦੇ ਬਾਰੇ ਵੀ ਰਿਪੋਰਟ ਤਲਬ ਕੀਤੀ ਹੈ। ਕਮੇਟੀ ਦੀ ਰਿਪੋਰਟ ਵਿੱਚ ਪਾਇਆ ਗਿਆ ਕਿ ਜੇਲ੍ਹ ਸਟਾਫ ਕੋਰੋਨਾ ਵਾਇਰਸ ਦੇ ਪ੍ਰਸਾਰ ਦੇ ਖ਼ਿਲਾਫ਼ ਉਚਿਤ ਸੁਰੱਖਿਆ ਦਾ ਪਾਲਣ ਕਰਨ ਵਿੱਚ ਨਿਯਮਿਤ ਰੂਪ ਨਾਲ ਅਸਫਲ ਰਿਹਾ ਹੈ। ਜੇਲ੍ਹ ਕਰਮਚਾਰੀ ਸਮਾਜਿਕ ਸੁਰੱਖਿਆ ਉਪਾਵਾਂ ਨੂੰ ਲਾਗੂ ਕਰਨ ਵਿੱਚ ਵੀ ਅਸਫਲ ਰਹੇ ਹਨ।

## ਮੋਰਚਾ ਵਾਪਸ ਲੈਣ ਦੇ ਫੈਸਲੇ ਤੋਂ ਸ. ਲਾਲਪੁਰਾ ਤੇ ਗਿਆਨੀ ਅਜਮੇਰ ਸਿੰਘ ਆਪਸ ਵਿਚ ਉਲਝੇ : ਸਤਨਾਮ ਸਿੰਘ ਚਾਹਲ



ਸ਼੍ਰੋਮਣੀ ਅਕਾਲੀ ਦਲ ਵਲੋਂ ਦਿਲ਼ੀ ਗੁਰੂਦੁਆਰਾ ਪਰਬੰਧਕ ਕਮੇਟੀ ਸਬੰਧੀ ਕੇਂਦਰ ਸਰਕਾਰ ਵਿਰੁਧ ਲਗਾਏ ਗਏ ਮੋਰਚੇ ਅਧੀਨ ਨਵੀਂ ਦਿੱਲੀ ਵਿਚ ਸ਼ੁਰੂ ਹੋਇਆ ਅਕਾਲੀਆਂ ਦਾ ਮੋਰਚਾ ਪੂਰੇ ਜੋਬਨ ਉਪਰ ਸੀ। ਹਰ ਰੋਜ ਜਿਥੇ ਅਕਾਲੀ ਦਲ ਦੇ ਜਥੇ ਪੰਜਾਬ ਤੋਂ ਗਰਿਫਤਾਰੀਆਂ ਦੇਣ ਲਈ ਦਿੱਲੀ ਪਹੁੰਚ ਰਹੇ ਸਨ ਉਥੇ ਨਵੀ ਦਿੱਲੀ ਦੀ ਤਿਹਾੜ ਜੇਲ ਤੇ ਹੋਰ ਵਖ ਵਖ ਥਾਵਾਂ ਤੇ ਨਜਰਬੰਦ ਅਕਾਲੀ ਆਗੂਆਂ ਨੂੰ ਸਰਕਾਰ ਉਹਨਾਂ ਦੀ ਕੈਦ ਦਾ ਸਮਾਂ ਪੂਰਾ ਹੋਣ ਕਰਕੇ ਰਿਹਾ ਕਰ ਰਹੀ ਸੀ। ਪਰ ਅਕਾਲੀ ਦਲ ਵਲੋਂ ਚਲਾਏ ਗਏ ਮੋਰਚੇ ਅਧੀਨ ਇਹ ਫੈਸਲਾ ਕੀਤਾ ਗਿਆ ਸੀ ਕਿ ਕੋਈ ਵੀ ਅਕਾਲੀ ਆਗੂ ਜੇਲ ਤੋਂ ਰਿਹਾ ਹੋਣ ਤੋਂ ਬਾਅਦ ਤਦ ਤਕ ਆਪਣੇ ਘਰ ਵਾਪਸ ਨਹੀਂ ਜਾਏਗਾ ਜਦ ਤਕ ਕੇਂਦਰ ਸਰਕਾਰ ਅਕਾਲੀਆਂ ਦੀਆਂ ਮੰਗਾਂ ਪਰਵਾਨ ਕਰਨ ਦਾ ਐਲਾਨ ਨਹੀਂ ਕਰ ਦਿੰਦੀ। ਇਸੇ ਲਈ ਅਕਾਲੀ ਦਲ ਦੇ ਪਰੋਗਰਾਮ ਤਹਿਤ ਜੇਲਾਂ ਵਿਚੋਂ ਆਪਣੀ ਕੈਦ ਦਾ ਸਮਾਂ ਪੂਰਾ ਕਰਨ ਵਾਲੇ ਅਕਾਲੀ ਆਗੂ ਆਪਣੀ ਰਿਹਾਈ ਹੋਣ ਤੋਂ ਬਾਅਦ ਨਵੀਂ ਦਿੱਲੀ ਦੇ ਚਾਂਦਨੀ ਚੌਕ ਵਿਚ ਗੁਰੂਦੁਆਰਾ ਸੀਸ ਗੰਜ ਦੇ ਬਿਲਕੁਲ ਸਾਹਮਣੇ ਸਰਕਾਰ ਵਿਰੁਧ ਨਾਹਰੇਬਾਜੀ ਕਰਦੇ ਹੋਏ ਆਪਣੇ ਆਪ ਨੂੰ ਫਿਰ ਗਰਿਫਤਾਰੀ ਲਈ ਪੇਸ਼ ਕਰ ਦਿੰਦੇ ਸਨ। ਇਸ ਲਈ ਸੈਂਟਰਲ ਜੇਲ ਤਿਹਾੜ ਤੇ ਹੋਰ ਜਨਤਕ ਇਮਾਰਤਾਂ ਵਿਚ ਅਕਾਲੀ ਆਗੂਆਂ ਦੀ ਨਜਰਬੰਦੀ ਕਾਰਣ ਕੇਂਦਰ ਸਰਕਾਰ ਕੋਲ ਅਕਾਲੀਆਂ ਨੂੰ ਨਜਰਬੰਦ ਕਰਕੇ ਰੱਖਣ ਲਈ ਕੋਈ ਜਗਾ ਦਾ ਨਾ ਹੋਣਾ ਕੇਂਦਰ ਸਰਕਾਰ ਲਈ ਮੁਸੀਬਤ ਦਾ ਕਾਰਣ ਬਣ ਰਿਹਾ ਸੀ। ਇਸ ਲਈ ਸਰਕਾਰ ਨੇ ਫੈਸਲਾ ਕੀਤਾ ਕਿ ਰਿਹਾ ਹੋਣ ਵਾਲੇ ਅਕਾਲੀ ਕੈਦੀਆਂ ਨੂੰ ਦੁਬਾਰਾ ਗਰਿਫਤਾਰੀ ਦੇਣ ਤੋਂ ਰੋਕਣ ਲਈ ਨਵੀਂ ਦਿੱਲੀ ਦੇ ਬਾਰਡਰ ਉਪਰ ਇਹਨਾਂ ਅਕਾਲੀ ਆਗੂਆ ਨੂੰ ਛੱਡਣ ਦਾ ਫੈਸਲਾ ਕਰ ਲਿਆ।

ਉਧਰ ਅਕਾਲੀ ਦਲ ਨੇ ਸਰਕਾਰ ਦੇ ਇਸ ਫੈਸਲੇ ਦਾ ਮੁਕਾਬਲਾ ਕਰਨ ਇਹ ਰਣਨੀਤੀ ਅਪਣਾਈ ਕਿ ਜਿਹੜੀਆਂ ਗੱਡੀਆਂ ਵਿਚ ਸਰਕਾਰ ਅਕਾਲੀ ਕੈਦੀਆਂ ਨੂੰ ਛੱਡਣ ਲਈ ਨਵੀ ਦਿੱਲੀ ਯੂ.ਪੀ ਬਾਰਡਰ ਉਪਰ ਛੱਡਣ ਲਈ ਜਾਏਗੀ ਅਕਾਲੀ ਆਗੂ ਉਹਨਾਂ ਪੁਲੀਸ ਦੀਆਂ ਗੱਡੀਆਂ ਦੇ ਟਾਇਰਾਂ ਵਿਚੋਂ ਫੂਕ ਕਢਣ ਦਾ ਸਿਲਸਿਲਾ ਆਰੰਭ ਕਰਨਗੇ। ਸੋ ਇਸ ਸਾਰੀ ਸਰਕਾਰੀ ਚਾਲ ਵਿਚ ਸਰਕਾਰ ਨੇ ਕੋਈ ਪਰਾਪਤੀ ਹੁੰਦੀ ਨਾ ਦੇਖ ਕੇ ਸਰਕਾਰ ਨੂੰ ਇਹ ਰਣਨੀਤੀ ਬਦਲਣੀ ਪਈ। ਹੁਣ ਜੇਲਾਂ ਵਿਚ ਅਕਾਲੀ ਆਗੂਆਂ ਦੀ ਨਜਰਬੰਦੀ ਕਾਰਣ ਦੂਸਰੇ ਕੈਦੀਆਂ ਨੂੰ ਨਜਰ-ਬੰਦ ਕਰਕੇ ਰੱਖਣ ਲਈ ਕੋਈ ਵੀ ਜਗਾ ਬਾਕੀ ਨਹੀਂ ਬਚੀ ਸੀ। ਤਿਹਾੜ ਜੇਲ ਵਿਚੋਂ ਹੁਣ ਸੰਤ ਫਤਹਿ ਸਿੰਘ ਨੂੰ ਤਬਦੀਲ ਕਰਕੇ ਪਹਾੜਗੰਜ ਦੀ ਕਿਸੇ ਇਮਾਰਤ ਵਿਚ ਤਬਦੀਲ ਕਰ ਦਿਤਾ ਗਿਆ ਸੀ। ਲੇਕਿਨ ਤਿਹਾੜ ਜੇਲ ਵਿਚ ਦੂਸਰੀ ਅਕਾਲੀ ਲੀਡਰਸ਼ਿਪ ਦੇ ਸਾਰੇ ਆਗੂ ਨਜਰਬੰਦ ਰਖੇ ਗਏ ਸਨ। ਜਿਹਨਾਂ ਵਿਚ ਆਤਮਾ ਸਿੰਘ, ਸ: ਰਵੀਇੰਦਰ ਸਿੰਘ, ਪਰੇਮ ਸਿੰਘ ਲਾਲਪੁਰਾ, ਸੁਰਜੀਤ ਸਿੰਘ ਬਰਨਾਲਾ, ਬਲਵਿੰਦਰ ਸਿੰਘ ਭੂੰਦੜ, ਜੀਵਣ ਸਿੰਘ ਉਮਰਾਨੰਗਲ, ਸਤਨਾਮ ਸਿੰਘ ਕਾਦੀਆਂ, ਸਰਦਾਰਾ ਸਿੰਘ ਕੋਹਲੀ, ਜਥੇਦਾਰ ਸੰਤੋਖ ਸਿੰਘ ਆਦਿ ਆਗੂ ਸ਼ਾਮਲ ਸਨ। ਇਸ ਲਈ ਸਾਰੇ ਮੋਰਚੇ ਦੀ ਰੂਪ ਰੇਖਾਂ ਨੂੰ ਪਰਭਾਵਤ ਕਰਨ ਲਈ ਤਿਹਾੜ ਜੇਲ ਵਿਚ ਬੈਠੇ ਅਕਾਲੀ ਆਗੂਆਂ ਦੀ ਬਹੁਤ ਭੂਮਿਕਾ ਸੀ। ਜਿਸ ਵਕਤ ਅਕਾਲੀ ਮੋਰਚੇ ਅਧੀਨ ਅਕਾਲੀ ਆਗੂਆਂ ਦੀਆਂ ਲਗਾਤਾਰ ਗਰਿਫਤਾਰੀਆਂ ਨੇ ਸਰਕਾਰ ਦੀ ਨੀਂਦ ਹਰਾਮ ਕਰ ਦਿਤੀ ਉਸ ਵਕਤ ਸਰਕਾਰ ਕੋਈ ਵਿਚ ਵਿਚਾਲੇ ਦਾ ਰਸਤਾ ਲੱਭਣ ਲਈ ਅਕਾਲੀ ਆਗੂਆਂ ਤਕ ਆਪਣੀ ਪਹੁੰਚ ਬਣਾਈ ਰਖ ਰਹੀ ਸੀ। ਲੇਕਿਨ ਇਹਨਾਂ ਦਿਨਾਂ ਵਿਚ ਭਾਰਤ-ਪਾਕਿ ਲੜਾਈ ਸ਼ੁਰੂ ਹੋ ਗਈ ਜਿਸ ਕਾਰਣ ਕੇਂਦਰ ਸਰਕਾਰ ਤੇ ਭਾਰਤ ਦੀ ਪਰਧਾਨ ਮੰਤਰੀ ਇੰਦਰਾਂ ਗਾਂਧੀ ਨੇ ਅਕਾਲੀਆਂ ਨੂੰ ਦੇਸ਼ ਭਗਤੀ ਦਾ ਪਾਠ ਪੜਾਉਂਦੇ ਹੋਏ ਮੋਰਚਾ ਵਾਪਸ ਲੈਣ ਦੀਆਂ ਅਪੀਲਾਂ ਕਰਨੀਆਂ ਸ਼ੁਰੂ ਕਰ ਦਿਤੀਆਂ।

ਇਸ ਲੜਾਈ ਨਾਲ ਪੈਦਾ ਹੋਈ ਸਥਿਤੀ ਸਬੰਧੀ ਵਿਚਾਰ ਕਰਨ ਲਈ ਅਕਾਲੀ ਦਲ ਦੀ ਜੇਲ ਵਿਚੋਂ ਬਾਹਰ ਰਹੀ ਲੀਡਰਸ਼ਿਪ ਨੇ ਸੰਤ ਫਤਹਿ ਸਿੰਘ ਨਾਲ ਸਲਾਹ ਮਸ਼ਵਰਾ ਕਰਕੇ ਅਕਾਲੀ ਮੋਰਚੇ ਨੂੰ ਵਾਪਸ ਲੈਣ ਦਾ ਫੈਸਲਾ ਕਰ ਲਿਆ। ਤਿਹਾੜ ਜੇਲ ਵਿਚ ਅਕਾਲੀ ਮੋਰਚੇ ਨੂੰ ਵਾਪਸ ਲੈਣ ਦੀ ਸੂਚਨਾ ਦੇਣ ਲਈ ਉਸ ਵੇਲੇ ਦੇ ਸ਼੍ਰੋਮਣੀ ਅਕਾਲੀ ਦਲ ਦੇ ਸੈਕਟਰੀ ਗਿਆਨੀ ਅਜਮੇਰ ਸਿੰਘ ਤਿਹਾੜ ਜੇਲ ਵਿਚ ਆਏ। ਜੇਲ ਵਿਚ ਨਜਰਬੰਦ ਸਮੁੱਚੀ ਅਕਾਲੀ ਲੀਡਰਸ਼ਿਪ ਇਕ ਸਥਾਨ ਤੇ ਇਕਠੀ ਹੋਈ। ਗਿਆਨੀ ਅਜਮੇਰ ਸਿੰਘ ਜੀ ਨੇ ਫੈਸਲਾ ਸੁਣਾਇਆ ਕਿ ਅਕਾਲੀ ਦਲ ਨੇ ਫੈਸਲਾ ਕੀਤਾ ਹੈ ਕਿ ਭਾਰਤ ਪਾਕਿਸਤਾਨ ਦਰਮਿਆਨ ਆਰੰਭ ਹੋ ਚੁਕੀ ਲੜਾਈ ਦੇ ਮਦੇਨਜਰ ਮੋਰਚਾ ਵਾਪਸ ਲਿਆ ਜਾਵੇ। ਇਹ ਫੈਸਲਾ ਸੁਣਾਉਂਦੇ ਹੋਏ ਗਿਆਨੀ ਅਜਮੇਰ ਸਿੰਘ ਕਹਿ ਬੈਠੇ ਕਿ ਅਕਾਲੀ ਲੀਡਰਸ਼ਿਪ ਮਹਿਸੂਸ ਕਰਦੀ ਹੈ ਕਿ ਸਾਨੂੰ ਦੇਸ਼ ਦੇ ਹਿਤ ਪਹਿਲਾਂ ਪਿਆਰੇ ਹਨ ਤੇ ਧਰਮ ਬਾਅਦ ਵਿਚ। ਬਸ ਗਿਆਨੀ ਜੀ ਵਲੋਂ ਇਹ ਗਲ ਕਹਿਣ ਦੀ ਦੇਰ ਹੀ ਕਿ ਸ: ਪਰੇਮ ਸਿੰਘ ਲਾਲਪੁਰਾ ਲੋਹੇ ਲਾਖੇ ਹੋ ਕਿ ਗਿਆਨੀ ਜੀ ਨੂੰ ਕਹਿਣ ਲਗੇ ਨਹੀਂ ਇਹ ਗਲ ਬਿਲਕੁਲ ਮੰਨੀ ਨਹੀਂ ਜਾ ਸਕਦੀ। ਉਹਨਾਂ ਕਿਹਾ ਕਿ ਸਾਨੂੰ ਦੇਸ਼ ਨਹੀਂ ਸਗੋਂ ਸਾਡਾ ਧਰਮ ਪਹਿਲਾਂ ਪਿਆਰਾ ਹੈ। ਇਸ ਲਈ ਸਾਨੂੰ ਇਹ ਫੈਸਲਾ ਬਿਲਕੁਲ ਮਨਜੂਰ ਨਹੀਂ ਹੈ। ਸ: ਪਰੇਮ ਸਿੰਘ ਲਾਲਪੁਰਾ ਉਸ ਵਕਤ ਅਕਾਲੀ ਦਲ ਦੀ ਪਹਿਲੀ ਕਤਾਰ ਦੇ ਲੀਡਰਾਂ ਵਿਚ ਸ਼ਾਮਲ ਸਨ ਇਸ ਲਈ ਉਹਨਾਂ ਵਲੋਂ ਕਹੀ ਹੋਈ ਗਲ ਦਾ ਕੋਈ ਅਰਥ ਹੁੰਦਾ ਸੀ। ਬਾਅਦ ਵਿਚ ਗਿਆਨੀ ਅਜਮੇਰ ਸਿੰਘ ਨੇ ਆਪਣੇ ਵਲੋਂ ਕਹੀ ਹੋਈ ਗਲ ਦਾ ਸ਼ਪਸ਼ਟੀਕਰਣ ਦੇ ਕੇ ਇਸ ਸਾਰੇ ਵਿਵਾਦ ਨੂੰ ਖਤਮ ਕੀਤਾ। ਉਧਰ ਅਗਲੇ ਦਿਨ ਅੰਮ੍ਰਿਤਸਰ ਸਾਹਿਬ ਤੋਂ ਸ਼ੌਮਣੀ ਅਕਾਲੀ ਦਲ ਨੇ ਐਲਾਨ ਕੀਤਾ ਕਿ ਭਾਰਤ ਪਾਕਿ ਵਿਚਕਾਰ ਸ਼ੁਰੂ ਹੋਈ ਲੜਾਈ ਕਾਰਣ ਮੋਰਚਾ ਵਾਪਸ ਲਿਆ ਜਾ ਰਿਹਾ ਹੈ।

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

GREAT OPPOURTUNITY TO INVEST IN NIAGRA FALLS
- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months
Starting from low 400,000
✓ Freehold ✓ 25x100ft lot
✓ Individual Yard & Driveway ✓ Finished Basement
40k Deposit Structure: $10,000 Submitted with offer; $10,000 Submitted 90 days after Offer Date; $20,000 Submitted 150 days after Offer Date
Jagdish Grewal, Sales Representative
Residential | Commercial | Investment
(416) 970-5005
Century 21 President Realty Inc Brokerage
www.vipcondonetwork.com
27 Armthorpe Rd Brampton #3, ON L6T 5M4 | Fax : 905-488-2101
Office: 905-488-2100 Ext. 348

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-
Karnail Singh
416.670.3173 | 905.799.7333
27 Edvac Dr, Brampton, ON L6S 5X8

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

PUNJABI RANG RADIO
CAIO 530AM
11pm-12am
Every Saturday
Chamkaur Singh, Producer/ Host
Cell: 416 662 1313
Email: punjabirang13@hotmail.com

## ਵਿਅੰਗ- ਕੋਰੋਨਾ ਦੇ ਕਾਲ ਵਿੱਚ ਘੜੰਮ ਚੌਧਰੀਆਂ ਦਾ ਬੁਰਾ ਹਾਲ

-ਅਜੈ ਕਮਾਰ

ਅੱਜ ਸਵੇਰੇ ਤੜਕੇ ਤਿੰਨ ਵਜੇ ਛਿੰਦੇ ਗੱਪੀ ਅਤੇ ਪੱਪੂ ਝੂਠ-ਤੂਫਾਨ ਪ੍ਰਾਪਰਟੀ ਡੀਲਰ ਦੇ ਦਫਤਰ ਵਿੱਚ ਵਿਸ਼ਵ ਪੱਧਰੀ ਸਮਾਜ ਸੇਵੀ ਸੰਸਥਾ 'ਖਾਓ-ਪੀਓ ਨੈਸ਼ਨਲ ਫਰੰਟ' ਨੇ ਸਮਾਜਕ ਕੰਮਾਂ ਨੂੰ ਹੋਰ ਤੇਜ਼ੀ ਨਾਲ ਕਰਨ ਲਈ ਵਿਸ਼ੇਸ਼ ਤੇ ਅਹਿਮ ਮੀਟਿੰਗ ਕੀਤੀ, ਜਿਸ ਵਿੱਚ ਕੋਰੋਨਾ ਨਾਮਕ ਨਾਮੁਰਾਦ ਬਿਮਾਰੀ ਬਾਰੇ ਘੱਟ ਚਿੰਤਾ ਅਤੇ ਵਿਸ਼ਵ ਸੰਗਠਨ ਅਤੇ ਸਰਕਾਰ ਵੱਲੋਂ ਇਸ ਬਿਮਾਰੀ ਬਾਰੇ ਜਾਰੀ ਨਿਰਦੇਸ਼ ਸੋਸ਼ਲ ਸਰੀਰਕ ਦੂਰੀ ਬਾਰੇ ਜੇਬ ਕਤਰਿਆਂ ਅਤੇ ਘੜੰਮ ਚੌਧਰੀਆਂ ਦੇ ਬੰਦ ਹੋਏ ਕੰਮ ਲਈ ਖਾਸੀ ਚਿੰਤਾ ਕੀਤੀ ਗਈ। ਮੀਟਿੰਗ ਵਿੱਚ ਥਾਣੇ, ਕਚਹਿਰੀ, ਤਹਿਸੀਲ ਅਤੇ ਹੋਰ ਮਹਿਕਮਿਆਂ ਵਿੱਚ ਮੁਲਾਜ਼ਮਾਂ ਨਾਲ ਸੈਟਿੰਗ ਕਰ ਕੇ ਲੋਕਾਂ ਦੀ ਛਿੱਲ ਲਾਹੁੰਦੇ ਘੜੰਮ ਚੌਧਰੀਆਂ ਤੇ ਗੱਡੀਆਂ-ਬਸਾਂ, ਭੀੜ ਵਾਲੇ ਬਾਜ਼ਾਰਾਂ ਵਿੱਚ ਆਪਣੇ ਹੱਥ ਦਾ ਹੁਨਰ ਦਿਖਾਉਣ ਵਾਲੇ ਪੰਜਾਬ ਦੇ ਨਾਮੀ ਜੇਬ ਕਤਰਿਆਂ ਨੇ ਭਾਰੀ ਗਿਣਤੀ ਵਿੱਚ ਹਿੱਸਾ ਲਿਆ। ਘੜੰਮ ਚੌਧਰੀਆਂ ਦੇ ਪੰਜਾਬ ਪ੍ਰਧਾਨ ਗਬਨ ਸਿੰਘ ਤੇ ਸਕੱਤਰ ਸ਼ਸ਼ੀ ਬਲੈਕਮੇਲਰ ਨੇ ਅੱਥਰੂਆਂ ਦੀ ਝੜੀ ਲਾਉਂਦੇ ਕੋਰੋਨਾ ਨੂੰ ਮਾਂ-ਭੈਣ ਦੀਆਂ ਗਾਲ੍ਹਾਂ ਕੱਢੀਆਂ ਅਤੇ ਆਪਣੀ ਛਾਤੀ ਪਿੱਟਦਿਆਂ ਕੋਰੋਨਾ ਨੂੰ ਖਰੀਆਂ-ਖਰੀਆਂ ਸੁਣਾਈਆਂ।

ਇਸ ਮੌਕੇ ਸੰਸਥਾ ਦੇ ਰਾਜਨੀਤਕ ਵਿੰਗ ਖਾਸ ਆਦਮੀ ਪਾਰਟੀ ਦੇ ਪ੍ਰਧਾਨ ਰਜਿੰਦਰ ਨੇ ਕੇਂਦਰ ਸਰਕਾਰ ਨੂੰ ਕਿਹਾ ਕਿ ਸੋਸ਼ਲ ਡਿਸਟੈਂਸ ਕਰ ਕੇ ਜੇਬ ਕਤਰਿਆਂ ਨੂੰ ਜੇਬਾਂ ਕੱਟਣ ਵਿੱਚ ਮੁਸ਼ਕਲ ਆ ਰਹੀ ਹੈ ਅਤੇ ਦਫਤਰਾਂ ਵਿੱਚ ਸਖਤ ਸਰਕਾਰੀ ਹਦਾਇਤਾਂ ਹੋਣ ਕਰ ਕੇ ਪਬਲਿਕ ਦਾ ਆਉਣਾ ਜਾਣਾ ਘਟ ਗਿਆ ਹੈ, ਇਸ ਕਰ ਕੇ ਘੜੰਮ ਚੌਧਰੀਆਂ ਨੂੰ ਐਸ਼-ਪ੍ਰਸਤੀ ਤਾਂ ਛੱਡੋ, ਰੋਟੀ ਦੇ ਲਾਲੇ ਪਏ ਹੋਏ ਹਨ, ਕੰਮ ਬੰਦ ਹੋਣ ਕਰ ਕੇ ਆਪਣੀ ਘਰ ਵਾਲੀ ਤੇ ਬੱਚਿਆਂ ਦੀਆਂ ਡਿਮਾਂਡਾਂ ਪੂਰੀਆਂ ਨਾ ਹੋਣ ਕਰ ਕੇ ਇਨ੍ਹਾਂ ਦੀ ਘਰੋਂ ਰੋਜ਼ ਕੁੱਤੇ ਖਾਣੀ ਹੁੰਦੀ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਕੁੱਤੇ ਖਾਣੀ ਤਾਂ ਕਰੀਬਨ ਇਨ੍ਹਾਂ ਦੀ ਰੂਟੀਨ ਦੀ ਗੱਲ ਹੈ, ਫਿਰ ਵੀ ਸਮਾਜ ਦੇ ਅਜਿਹੇ ਕੌਮੀ ਹੀਰਿਆਂ ਨੂੰ ਕਿਸੇ ਪ੍ਰਕਾਰ ਦੀ ਤੰਗੀ ਨਾ ਆਵੇ, ਇਸ ਗੱਲ ਦੀ ਚਿੰਤਾ ਬਾਰੇ ਅਸੀਂ ਆਪਣੀ ਪਾਰਟੀ ਵੱਲੋਂ ਸਰਕਾਰ ਨੂੰ ਸਖਤ ਲਹਿਜ਼ੇ ਨਾਲ ਚਿਤਾਵਨੀ ਦਿੰਦੇ ਹੋਏ ਮੰਗ ਕਰਦੇ ਹਾਂ ਕਿ ਜੇਬ ਕਤਰਿਆਂ ਤੇ ਘੜੰਮ ਚੌਧਰੀਆਂ ਨੂੰ ਜਿੰਨੀ ਦੇਰ ਕੋਰੋਨਾ ਮਹਾਮਾਰੀ ਦਾ ਪੂਰੀ ਤਰ੍ਹਾਂ ਇਲਾਜ ਨਹੀਂ ਹੁੰਦਾ ਉਦੋਂ ਤੱਕ ਹਰ ਮਹੀਨੇ ਪੰਜਾਹ ਹਜ਼ਾਰ ਰੁਪਏ ਚੁਪਚਾਪ ਇਨ੍ਹਾਂ ਦੇ ਖਾਤਿਆਂ ਵਿੱਚ ਟਰਾਂਸਫਰ ਕੀਤੇ ਜਾਣ, ਵਰਨਾ ਸਾਡੀ ਸੰਸਥਾ ਬਹੁਤ ਸਾਰੀਆਂ ਹਮ-ਖਿਆਲੀ ਸੰਸਥਾਵਾਂ ਨੂੰ ਲੈ ਕੇ ਪੂਰੇ ਦੇਸ਼ ਵਿੱਚ ਰਾਤ 12 ਵਜੇ ਤੋਂ ਤੜਕੇ ਚਾਰ ਵਜੇ ਤੱਕ 21 ਦਿਨ ਚੱਕਾ ਜਾਮ ਕਰੇਗੀ, ਜਿਸ ਵਿੱਚ ਹੋਣ ਵਾਲੇ ਨੁਕਸਾਨ ਦੀ ਸਾਰੀ ਜ਼ਿੰਮੇਵਾਰੀ ਸਰਕਾਰ ਦੀ ਹੋਵੇਗੀ।

ਪਾਰਟੀ ਦੇ ਜਨਰਲ ਸਕੱਤਰ ਓਮੀ ਗਿੱਠੇ ਨੇ ਦੱਸਿਆ ਕਿ ਗੁਪਤ ਸੂਤਰਾਂ ਤੋਂ ਪਤਾ ਚੱਲਿਆ ਹੈ ਕਿ ਘਪਲੇ ਵਾਲੀਆਂ ਸਾਰੀਆਂ ਫਾਈਲਾਂ ਕੋਰੋਨਾ ਮਹਾਮਾਰੀ ਦੀ ਚਪੇਟ ਵਿੱਚ ਹਨ, ਇਸ ਕਰ ਕੇ ਸਾਡੀ ਮੰਗ ਹੈ ਕਿ ਟੀ ਵੀ ਚੈਨਲਾਂ 'ਤੇ ਐਲਾਨ ਕੀਤਾ ਜਾਵੇ ਕਿ ਉਨ੍ਹਾਂ ਫਾਈਲਾਂ ਨੂੰ ਖੋਲ੍ਹ ਕੇ ਦੋਸ਼ੀਆਂ ਨੂੰ ਸਜ਼ਾ ਦੇਣੀ ਤਾਂ ਦੂਰ, ਕੋਈ ਇਸ ਬਾਰੇ ਗੱਲ ਕਰਨ ਦੀ ਹਿੰਮਤ ਨਾ ਕਰੇ। ਇਸ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਮੋਨੂੰ ਖਾਮੋਸ਼, ਵਿੱਕੀ ਹੇਰਾਫੇਰੀ, ਨੀਟਾ ਨੈਸ਼ੀ, ਹੀਰਾ ਕਸੂਰਵਾਰ, ਸ਼ੰਮੀ ਬੇਦੋਸ਼ਾ, ਵਿਜੇ ਜ਼ਾਲਮ, ਸਾਹਿਬ ਫਾਈਟਰ, ਸੋਨੂ ਪ੍ਰੇਮੀ, ਪਿੰਕਾ ਦਿਮਾਗੀ, ਸੇਮਾ ਮਤਲਬੀ, ਸ਼ੀਲਾ ਮਿਹਨਤੀ, ਵਿਪਨ ਜ਼ਿੰਮੇਵਾਰ, ਜਿੰਮੀ ਦਲੇਰ, ਅਜੇ ਮੂਰਖ ਆਦਿ ਸ਼ਾਮਲ ਸਨ।

# World Suicide Awareness Day - We must win the war against Suicide



**By: Surjit Singh Flora**

World Suicide Awareness Day is being raised internationally on September 10, 2020, in collaboration with the World Health Organization.

In 70 countries worldwide, social media, memorials, educational events, and press conferences are used to raise awareness of the public, from the community level to the international level. More than 800 people commit Suicide every year, according to the World Health Organization. In 75% of low- and middle-income countries, pesticide poisoning, drug overdoses, weapons, and executions are common.

According to the latest available data, Statistics Canada estimates Approx. Eleven people die by Suicide each day and 4,000 deaths by Suicide per year. Every third deaths by Suicide are among people 45-59 years.

Suicide is the second leading cause of death among young people and young people (15-34 years old)

The suicide rate is approximately. Compared with women, men are 3 times higher. In addition, the Canadian Armed Forces quietly revealed that 20 active-duty soldiers committed suicide last year, which is the largest number of suicides since 2014.

Early this year in Feb 2020, A 29-year-old Manjot Singh, who was reportedly committing Suicide after jumping into the Fraser River in Vancouver, Canada,

Since the legalization of this behavior in 2016, the number of assisted deaths has increased every year. As of December 31, 2019, 13,946 people have chosen to end their lives with the assistance of a doctor.

Overall, there were 7,336 written applications for assisted suicide in 2019, but more than a quarter (26.5%) did not result in death. In more than half of cases, patients die before surgery.

To reduce the suicide rate among young people of all ages, a joint strategy is being developed at national and international level. Suicide is the leading cause of death among young people aged 15-29. The search for a solution to this problem has been going on for some time.

People over 50 years old commit suicide due to mental retardation and excessive stress. Constant family strife, lack of job opportunities, loss of business, greed for more, drug abuse, and modern lifestyle stress lead a person to Suicide.

Suicide is not a mental illness in itself. However, a potentially serious consequence of treatable mental disorders, including significant stressors, bipolar disorder, post-traumatic stress disorder, borderline personality disorder, schizophrenia, substance use disorders, and Eating disorders include pneumonia and anorexia nervosa.

The World Health Organization's Global Action Plan for Mental Health provides an opportunity for coordinated action to raise awareness of suicide and prevent suicide

The member countries of the World Health Organization (WHO) have committed themselves to technological research to expand service delivery and work towards a goal in the form of a global initiative to reduce suicide rates.

Family, friends, community and government need to work together to identify suicidal warning signs of growing depression.

Suicide warning signs such as drug abuse, increasing divorce, more depressed mood, long-lasting sadness for the future, loneliness, changing perspective, sudden anger, despair, negative thinking, inferiority complex, sudden peace, self-loathing. Harmful behaviour, physical and mental illnesses compel the good to decide to commit Suicide. Every suicide threat should be taken seriously.

Life is precious. Always take care of your family, friends, and the community in a state of mental distress, changing over time, with the community's cooperation and organizations doing good.

In a fast-paced life, every person should get in the habit of coping with adversity by maintaining self-confidence. If necessary, seek professional advice and take care of yourself. Save lives by calling the Suicide Hotline in an emergency.

We must win the war against Suicide.

## ਮਿੰਨੀ ਕਹਾਣੀ

### ਕੋਸ਼ਿਸ਼

-ਅਜੈ ਸਿੰਘ ਰਾਠੌੜ

ਰੋਜ਼ ਵਾਂਗ ਮੈਂ ਆਪਣੀ ਛੱਤ 'ਤੇ ਟਹਿਲ ਰਿਹਾ ਸੀ। ਗੁਆਂਢੀ ਦੀ ਛੱਤ 'ਤੇ ਉਸ ਦੀਆਂ ਅੱਠ ਅਤੇ ਪੰਜ ਸਾਲ ਦੀਆਂ ਬੇਟੀਆਂ ਖੇਡ ਰਹੀਆਂ ਸਨ। ਚਾਰੇ ਪਾਸੇ ਪਤੰਗਾਂ ਹੀ ਪਤੰਗਾਂ ਉਡਦੀਆਂ ਸਨ। ਇੱਕ ਪਤੰਗ ਕੱਟ ਕੇ ਜਿੱਥੇ ਉਹ ਬੱਚੀਆਂ ਖੇਡ ਰਹੀਆਂ ਸਨ ਉਸ ਛੱਤ 'ਤੋਂ ਲੰਘਦੇ ਹੋਏ ਨੇੜੇ ਦੇ ਰੁੱਖ 'ਤੇ ਅਟਕ ਗਈ। ਉਹ ਦੋਵੇਂ ਖੇਡਣ ਰੁੱਝੀਆਂ ਸਨ, ਇਸ ਲਈ ਉਨ੍ਹਾਂ ਦਾ ਧਿਆਨ ਮੈਂ ਖਿਚਿਆ ਤੇ ਡੋਰ ਜੋ ਲਗਭਗ ਉਨ੍ਹਾਂ ਦੀ ਛੱਤ 'ਤੇ ਸੀ, ਉਸ ਨੂੰ ਫੜ ਕੇ ਖਿਚਣ ਨੂੰ ਕਿਹਾ। ਉਹ ਦੋਵੇਂ ਡੋਰ ਨੂੰ ਖਿਚਣ ਲੱਗੀਆਂ। ਹੌਲੀ ਹੌਲੀ ਪਤੰਗ ਵੀ ਉਨ੍ਹਾਂ ਦੇ ਹੱਥ ਲੱਗ ਗਈ। ਉਹ ਦੇਖ ਕੇ ਖੁਸ਼ੀ ਨਾਲ ਚਹਿਕਣ ਲੱਗੀਆਂ। ਪਤੰਗ ਨੂੰ ਇਸ ਤਰ੍ਹਾਂ ਕੋਸ਼ਿਸ਼ ਨਾਲ ਹਾਸਲ ਕਰ ਲੈਣ ਦੀ ਚਮਕ, ਉਤਸ਼ਾਹ, ਉਮੰਗ ਨੂੰ ਉਨ੍ਹਾਂ ਦੇ ਚਿਹਰਿਆਂ 'ਤੇ ਆਸਾਨੀ ਨਾਲ ਪੜ੍ਹਿਆ ਜਾ ਸਕਦਾ ਸੀ। ਦੋਵਾਂ ਨੂੰ ਪਤੰਗ ਉਡਾਉਣਾ ਤਾਂ ਆਉਂਦਾ ਨਹੀਂ ਸੀ, ਉਨ੍ਹਾਂ ਦੀਆਂ ਬਾਲ ਖੇਡਾਂ ਦੇਖ ਕੇ ਮੈਂ ਮੁਸਕਰਾਉਂਦਾ ਰਿਹਾ। ਜਦ ਕਾਫੀ ਕੋਸ਼ਿਸ਼ ਦੇ ਬਾਅਦ ਵੀ ਉਹ ਸਫਲ ਨਹੀਂ ਹੋਈਆਂ ਤਾਂ ਮੈਂ ਕਿਹਾ, "ਬੇਟਾ, ਪਾਪਾ ਨੂੰ ਆ ਜਾਣ ਦਿਓ, ਉਹ ਤੁਹਾਨੂੰ ਸਿਖਾ ਦੇਣਗੇ।" ਮੇਰਾ ਇੰਨਾ ਕਹਿਣਾ ਸੀ ਕਿ ਉਹ ਛੋਟੀ ਵਾਲੀ ਤੁਰੰਤ ਬੋਲ ਪਈ, "ਅੰਕਲ, ਕੋਸ਼ਿਸ਼ ਤਾਂ ਕਰ ਲੈਣ ਦਿਓ।"

ਮੈਂ ਹੈਰਾਨ ਰਹਿ ਗਿਆ। ਮੈਂ ਭੁੱਲ ਗਿਆ ਕਿ ਮੈਂ ਅੱਜ ਦੇ ਯੁੱਗ ਦੀ ਬੇਟੀ ਨਾਲ ਗੱਲ ਕਰ ਰਿਹਾ ਹਾਂ, ਜੋ ਹਾਲਾਤਾਂ ਨਾਲ ਜੂਝਣਾ ਜਾਣਦੀ ਹੈ। ਉਸ ਛੋਟੀ ਜਿਹੀ ਬੱਚੀ ਦੀ 'ਕੋਸ਼ਿਸ਼' ਦੀ ਲਲਕ ਨਵੇਂ ਯੁੱਗ ਵਿੱਚ ਸਵੈ ਨਿਰਭਰਤਾ ਦੀ ਸ਼ੁਰੂਆਤ ਵਾਂਗ ਲੱਗੀ।

### ਮਹਿੰਦੀ ਦੀ ਖੁਸ਼ਬੂ

-ਸਵਾਤੀ

'ਮਾਂ ਜੀ ਮੈਂ ਜ਼ਰਾ ਬਾਜ਼ਾਰ ਜਾ ਕੇ ਆਉਂਦੀ ਹਾਂ। ਦੀਦੀ ਨੂੰ ਮਹਿੰਦੀ, ਚੂੜੀਆਂ ਅਤੇ ਸੁਹਾਗ ਦੀਆਂ ਚੀਜ਼ਾਂ ਭੇਜਣੀਆਂ ਹੋਣਗੀਆਂ ਨਾ। ਸਾਵਣ ਦੇ ਕੁਝ ਦਿਨ ਵੀ ਨਿਕਲ ਗਏ। ਦੀਦੀ ਇੰਤਜ਼ਾਰ ਕਰ ਰਹੀ ਹੋਵੇਗੀ।' ਵੰਦਨਾ ਨੇ ਆਪਣੀ ਸੱਸ ਨੂੰ ਕਿਹਾ।

"ਠੀਕ ਹੈ ਪੁੱਤ, ਪਰ ਜਲਦੀ ਆ ਜਾਵੀਂ। ਲੱਗਦਾ ਹੈ ਕਿ ਬਾਰਿਸ਼ ਹੋਣ ਵਾਲੀ ਹੈ।" ਵੰਦਨਾ ਦੀ ਸੱਸ ਨੇ ਪਿਆਰ ਨਾਲ ਦੇਖਦੇ ਹੋਏ ਕਿਹਾ। ਵੰਦਨਾ ਮੁਸਕਰਾਉਂਦੇ ਹੋਏ ਬਾਹਰ ਨਿਕਲ ਗਈ।

ਇੱਕ ਘੰਟੇ ਵਿੱਚ ਜਦ ਉਹ ਵਾਪਸ ਆਈ ਤਾਂ ਆਪਣੇ ਕਮਰੇ ਵਿੱਚ ਸੁਹਾਗ ਦੇ ਸਾਮਾਨ ਅਤੇ ਲਾਲ ਰੰਗ ਦੀ ਸਾੜੀ ਦੇਖ ਕੇ ਹੈਰਾਨ ਰਹਿ ਗਈ। "ਇਹ ਸਭ ਕਿਸ ਦਾ ਸਾਮਾਨ ਹੈ ਮਾਂ ਜੀ?" ਵੰਦਨਾ ਨੇ ਪੁੱਛਿਆ।

"ਤੇਰਾ ਹੈ ਪੁੱਤ! ਤੇਰੀ ਮਾਂ ਨਹੀਂ ਹੈ ਤਾਂ ਕੀ ਮੈਂ ਤੇਰੇ ਲਈ ਸਾਵਣ ਵਿੱਚ ਇਹ ਸਭ ਨਹੀਂ ਕਰ ਸਕਦੀ? ਮੈਂ ਭਾਵੇਂ ਭੁੱਲ ਜਾਵਾਂ, ਪਰ ਤੂੰ ਮੇਰੀਆਂ ਧੀਆਂ ਨੂੰ ਤੀਜ-ਤਿਉਹਾਰਾਂ 'ਤੇ ਰਿਵਾਜ ਦੀਆਂ ਚੀਜ਼ਾਂ ਦੇਣਾ ਨਹੀਂ ਭੁੱਲਦੀ। ਮੈਂ ਕਿਵੇਂ ਭੁੱਲ ਜਾਂਦੀ ਕਿ ਤੇਰੀ ਮਾਂ ਨਹੀਂ ਰਹੀ ਤਾਂ ਤੇਰੇ ਲਈ ਇਨ੍ਹਾਂ ਰਸਮਾਂ ਰਿਵਾਜਾਂ ਨੂੰ ਕੌਣ ਨਿਭਾਏਗਾ।" ਸੱਸ ਨੇ ਲਾਡ ਨਾਲ ਕਿਹਾ।

ਵੰਦਨਾ ਕੁਝ ਵੀ ਬੋਲ ਨਹੀਂ ਸਕੀ। ਸੱਸ ਦੇ ਗਲੇ ਲੱਗਦੇ ਇੰਝ ਲੱਗਾ ਮੰਨੋ ਆਪਣੀ ਮਾਂ ਦੇ ਗਲੀ ਲੱਗੀ ਹੋਵੇ। ਬਾਹਰ ਸਾਵਣ ਵਰ੍ਹ ਰਿਹਾ ਸੀ ਅਤੇ ਅੱਖਾਂ 'ਚੋਂ ਖੁਸ਼ੀ ਦੇ ਅੱਥਰੂ।

ਫਾਰਮ ਵਿਚ ਕਾਮਿਆਂ ਦੀ ਲੋੜ

ਮਾਲਟਨ ਅਤੇ ਗੋਰ ਰੋਡ ਦੇ ਏਰੀਏ ਤੋਂ ਫਾਰਮ ਵਿਚ ਕੰਮ ਕਰਨ ਲਈ ਬੰਦਿਆਂ ਅਤੇ ਜਨਾਨੀਆਂ ਦੀ ਲੋੜ ਹੈ। ਫਰੀ ਰਾਈਡ ਦਿੱਤੀ ਜਾਵੇਗੀ ਅਤੇ ਵਧੀਆ ਪੇਅ ਹੈ। ਹਫ਼ਤੇ ਦੇ ਛੇ ਦਿਨ ਕੰਮ

ਸੰਪਰਕ: 647 765 4145

Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੋਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto
email: bsidhu@steinmetzlawyers.ca website: www.steinmetzlawyers.ca

SAMRAI SIKH SANGAT SOCIETY

ਸਮਰਾਏ ਸਿੱਖ ਸੰਗਤ ਸੁਸਾਇਟੀ

ਸਤਿਕਾਰ ਯੋਗ ਸਰਦਾਰ ਜੀ ਅਤੇ ਸਰਦਾਰਨੀ ਜੀ
ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ ॥

ਸਮੂਹ ਸਾਧ ਸੰਗਤ ਜੀ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਹਰ ਸਾਲ ਦੀ ਤਰਾਂ ਇਸ ਸਾਲ ਵੀ ਬਾਬਾ ਸਾਂਈ ਸਿੰਘ ਜੀ, ਬਾਬਾ ਸੇਵਾ ਸਿੰਘ ਜੀ, ਬਾਬਾ ਧਿਆਨ ਦਾਸ ਜੀ ਅਤੇ ਬਾਬਾ ਗੁਪਾਲ ਸਿੰਘ ਜੀ ਦੀ ਬਰਸੀ 13 ਸਤੰਬਰ ਦਿਨ ਐਤਵਾਰ ਨੂੰ ਗੁਰੂਦੁਆਰਾ ਸਿੱਖ ਸਪਿਰਚੂਅਲ ਸੈਂਟਰ ਰੈਕਸਡੇਲ ਵਿਖੇ ਬੜੀ ਸ਼ਰਧਾ ਅਤੇ ਸਦਭਾਵਨਾ ਨਾਲ ਮਨਾਈ ਜਾ ਰਹੀ ਹੈ। ਸੰਤਾਂ ਮਹਾਂ ਪੁਰਸ਼ਾਂ ਦੀ ਯਾਦ ਵਿੱਚ ਸ੍ਰੀ ਆਖੰਡ ਪਾਠ ਸਾਹਿਬ ਦੇ ਜਾਪ 11 ਸਤੰਬਰ ਦਿਨ ਸ਼ੁੱਕਰਵਾਰ ਨੂੰ ਸਵੇਰੇ 10 ਵਜੇ ਆਰੰਭ ਹੋਣਗੇ ਅਤੇ 13 ਸਤੰਬਰ ਦਿਨ ਐਤਵਾਰ ਨੂੰ ਸਵੇਰੇ ਭੋਗ ਪੇਣਗੇ। ਆਪ ਆਪਣੇ ਪਰਿਵਾਰ ਸਮੇਤ ਇਸ ਸਮਾਗਮ ਵਿੱਚ ਹੁੰਮ ਹੁੰਮਾ ਕੇ ਪਹੁੰਚਣ ਦੀ ਕਿਰਪਾਲਤਾ ਕਰਨੀ ਜੀ

Sikh Spiritual Centre Rexdale
Address: 9 Carrier Dr, Etobicoke, ON M9V 4B2 Phone: (416) 746-6666
Link to join: https://www.samraisangattorontocanada.com/live-stream/

ਹੋਰ ਜਾਣਕਾਰੀ ਲਈ ਸੰਪਰਕ ਕਰੋ
ਸੁਰਜੀਤ ਸਿੰਘ ਸਮਰਾ 289-828-2117
ਮਹਿੰਦਰ ਸਿੰਘ ਸਮਰਾ 416-271-8477

# ਭਾਰਤ ਨੂੰ ਬਚਾਉਣ ਲਈ ਧਰਮ-ਨਿਰਪੱਖ ਧਿਰਾਂ ਦੇ ਏਕੇ ਦੀ ਲੋੜ ਤਾਂ ਹੈ, ਪਰ...



ਜਤਿੰਦਰ ਪੰਨੂ

ਗੱਲ ਭਾਵੇਂ ਹਿੰਦੁਸਤਾਨ ਦੇ ਹਾਲਾਤ ਦੀ ਕਰਨੀ ਹੈ, ਪਰ ਸ਼ੁਰੂ ਸਾਨੂੰ ਇਸ ਵਾਰੀ ਅਮਰੀਕਾ ਦੀ ਰਾਸ਼ਟਰਪਤੀ ਚੋਣ ਦੇ ਮੁੱਦੇ ਤੋਂ ਕਰਨੀ ਪੈ ਰਹੀ ਹੈ। ਇਸ ਦਾ ਕਾਰਨ ਇਹ ਹੈ ਕਿ ਓਥੋਂ ਆਉਂਦੇ ਅਵਾੜੇ ਇਹ ਕਹਿੰਦੇ ਹਨ ਕਿ ਸਰਵੇਖਣਾਂ ਦੇ ਨਤੀਜੇ ਮੌਜੂਦਾ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਹਾਰਦਾ ਹੋਇਆ ਦੱਸ ਰਹੇ ਹਨ ਅਤੇ ਉਸ ਦੇ ਵਿਰੋਧੀ ਜੋਅ ਬਿਡੇਨ ਦਾ ਪ੍ਰਭਾਵ ਲਗਾਤਾਰ ਵਧਦਾ ਜਾਪਦਾ ਹੈ। ਇਹ ਗੱਲ ਸਿਰਫ ਏਨੀ ਕੁ ਠੀਕ ਲਗਦੀ ਹੈ ਕਿ ਸਰਵੇਖਣਾਂ ਮੁਤਾਬਕ ਜੋਅ ਬਿਡੇਨ ਕੁਝ ਮੂਹਰੇ ਤੇ ਡੋਨਾਲਡ ਟਰੰਪ ਕੁਝ ਪਿੱਛੇ ਜਾਪਦਾ ਹੈ, ਪਰ ਜੋਅ ਬਿਡੇਨ ਵੀ ਅਜੇ ਪੰਜਾਹ ਫੀਸਦੀ ਤੋਂ ਵੱਧ ਦੀ ਹਮਾਇਤ ਦੇ ਅੰਕੜੇ ਨਹੀਂ ਦੇ ਸਕਿਆ ਜਾਪਦਾ। ਦੋਵਾਂ ਦੇ ਅੰਕੜੇ ਜੋੜ ਕੇ ਜਦੋਂ ਨੱਬੇ ਫੀਸਦੀ ਦੇ ਕਰੀਬ ਬਣਦੇ ਹੋਣ ਤਾਂ ਬਾਕੀ ਦਸ ਫੀਸਦੀ ਦੇ ਕਰੀਬ ਜਿਹੜੇ ਲੋਕ ਅਜੇ ਚੁੱਪ ਹਨ, ਉਨ੍ਹਾਂ ਨੇ ਜਿੱਧਰ ਵਗਣਾ ਹੈ, ਉਹ ਜਿੱਤ ਸਕਦਾ ਹੈ ਅਤੇ ਸਾਰੇ ਅੰਕੜਿਆਂ ਦੇ ਬਾਵਜੂਦ ਜੇ ਡੋਨਾਲਡ ਟਰੰਪ ਜਿੱਤ ਗਿਆ ਤਾਂ ਹੈਰਾਨੀ ਨਹੀਂ ਹੋਵੇਗੀ। ਇਸ ਦਾ ਕਾਰਨ ਸਾਡੇ ਭਾਰਤ ਦੇ ਚੋਣ ਤਜਰਬੇ ਵਿੱਚ ਲੁਕਿਆ ਹੈ, ਜਿਸ ਵਿੱਚ ਪਿਛਲੀ ਪਾਰਲੀਮੈਂਟ ਚੋਣ ਤੋਂ ਇੱਕ ਹਫਤਾ ਪਹਿਲਾਂ ਆਪਣੇ ਸ਼ਹਿਰ ਦੇ ਬਾਜ਼ਾਰ ਦਾ ਇੱਕੋ ਗੇੜਾ ਸਾਨੂੰ ਕਈ ਕੁਝ ਸਮਝਣ ਦਾ ਸਹਾਇਕ ਬਣ ਗਿਆ ਸੀ। ਸਾਨੂੰ ਕੁਝ ਦੁਕਾਨਦਾਰ ਸੱਜਣਾਂ ਨਾਲ, ਜਿਹੜੇ ਬੜੇ ਪੁਰਾਣੇ ਜਾਣੂ ਸਨ, ਮਿਲਣ ਦਾ ਮੌਕਾ ਮਿਲਿਆ ਤਾਂ ਉਨ੍ਹਾਂ ਨੇ ਸਾਫ ਕਿਹਾ ਸੀ ਕਿ ਪਿਛਲੇ ਪੰਜ ਸਾਲ ਵਿੱਚ ਜਿੰਦਾਂ ਦਾ ਰਾਜ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਭਾਜਪਾ ਨੇ ਚਲਾਇਆ ਹੈ, ਉਸ ਨੇ ਸਾਡੇ ਸਾਰੇ ਕਾਰੋਬਾਰ ਦਾ ਬਹੁਤ ਬੁਰੀ ਤਰ੍ਹਾਂ ਭੱਠਾ ਬਿਠਾ ਦਿੱਤਾ ਹੈ, ਪਰ ਵੋਟ ਉਹ ਫਿਰ ਵੀ ਮੋਦੀ ਨੂੰ ਦੇਣ ਦੀ ਗੱਲ ਕਰਦੇ ਸਨ। ਜਦੋਂ ਕਾਰਨ ਪੁੱਛਿਆ ਤਾਂ ਕਹਿਣ ਲੱਗੇ ਕਿ 'ਅੱਠ ਸੌ ਸਾਲਾਂ ਬਾਅਦ ਸਾਡਾ ਰਾਜ ਆਇਆ ਹੈ, ਚੰਗਾ ਹੋਵੇ ਜਾਂ ਮਾੜਾ, ਇਹ ਮੌਕਾ ਅਸੀਂ ਨਹੀਂ ਗੁਆ ਸਕਦੇ।'

ਇਸ ਵਕਤ ਨਰਿੰਦਰ ਮੋਦੀ ਵਾਲੀ ਚੁਸਤੀ ਡੋਨਾਲਡ ਟਰੰਪ ਵਰਤ ਰਿਹਾ ਹੈ, ਸ਼ਾਇਦ ਮੋਦੀ ਨਾਲ ਨੇੜਤਾ ਕਾਰਨ ਸਿੱਖ ਗਿਆ ਹੈ। ਪਿਛਲੇ ਕੁਝ ਹਫਤਿਆਂ ਤੋਂ ਉਸ ਦੇਸ਼ ਵਿੱਚ ਜਿਸ ਤਰ੍ਹਾਂ ਨਸਲਵਾਦੀ ਮੁੱਦਾ ਉੱਭਰਿਆ, ਜਿਵੇਂ ਨਸਲਵਾਦ ਦਾ ਵਿਰੋਧ ਹੋਇਆ, ਉਸ ਤੋਂ ਅਸੀਂ ਲੋਕ ਤਸੱਲੀ ਕਰ ਸਕਦੇ ਹਾਂ ਕਿ ਲੋਕਾਂ ਵਿੱਚ ਨਸਲਵਾਦ ਵਿਰੋਧੀ ਜਾਗਰਤੀ ਆ ਰਹੀ ਹੈ, ਪਰ ਇਸ ਦੀ ਪ੍ਰਤੀਕਿਰਿਆ ਨੂੰ ਅਸੀਂ ਅੱਖੋਂ ਪਰੋਖਾ ਕਰ ਜਾਂਦੇ ਹਾਂ। ਭਾਰਤ ਵਿੱਚ ਅਸੀਂ ਇਸ ਗੱਲ ਨਾਲ ਬੜੀ ਤਸੱਲੀ ਕਰਦੇ ਰਹੇ ਸਾਂ ਕਿ ਏਥੇ ਘੱਟ-ਗਿਣਤੀਆਂ ਨਾਲ ਹੁੰਦੀਆਂ ਜ਼ਿਆਦਤੀਆਂ ਮੁੱਦਾ ਬਣ ਰਹੀਆਂ ਹਨ, ਪਰ ਦੂਸਰੇ ਪਾਸੇ ਉਨ੍ਹਾਂ ਭਾਈਚਾਰਿਆਂ ਦੀ ਸੋਚ ਸਾਨੂੰ ਭੁੱਲ ਜਾਂਦੀ ਰਹੀ, ਜਿਨ੍ਹਾਂ ਨਾਲ ਜ਼ਿਆਦਤੀਆਂ ਕਰਨ ਵਾਲੇ ਅਪਰਾਧੀ ਤੱਤ ਸਿੱਧੇ ਸੰਬੰਧਤ ਸਨ। ਬਹੁ-ਗਿਣਤੀ ਭਾਈਚਾਰੇ ਵਿੱਚ ਬਹੁਤ ਵੱਡੀ ਗਿਣਤੀ ਉਨ੍ਹਾਂ ਲੋਕਾਂ ਦੀ ਸੀ, ਜਿਹੜੇ ਹਿੰਸਾ ਪਸੰਦ ਨਹੀਂ ਕਰਦੇ, ਪਰ ਜਦੋਂ ਗੱਲ ਇਹ ਚੱਲਦੀ ਸੀ ਕਿ ਇਸ ਹਿੰਸਾ ਦੇ ਦੋਸ਼ੀਆਂ ਨੂੰ ਸਜ਼ਾ ਦੇਣੀ ਚਾਹੀਦੀ ਹੈ ਤਾਂ ਉਹ 'ਆਪਣੇ' ਭਾਈਚਾਰੇ ਦੇ ਅਪਰਾਧੀ ਤੱਤਾਂ ਵੱਲ ਨਰਮਾਈ ਦੀ ਸੋਚ ਰੱਖਦੇ ਸਨ ਤੇ ਦੂਸਰਿਆਂ ਦੇ ਹੰਝੂ ਪੂੰਝਣ ਲਈ ਸਿਰਫ ਹਾਅ ਦਾ ਨਾਅਰਾ ਮਾਰ ਦੇਣਾ ਹੀ ਕਾਫੀ ਸਮਝਦੇ ਸਨ। ਇਹ ਕੁਝ ਇਸ ਵੇਲੇ ਅਮਰੀਕਾ ਵਿੱਚ ਹੋਣ ਦੇ ਸੰਕੇਤ ਮਿਲਣ ਲੱਗੇ ਹਨ। ਗੈਰ-ਗੋਰੇ ਲੋਕਾਂ ਨਾਲ ਹਮਦਰਦੀ ਓਥੋਂ ਦੇ ਮਨੁੱਖਵਾਦੀ ਸੋਚ ਵਾਲੇ ਗੋਰੇ ਲੋਕਾਂ ਵਿੱਚ ਚੋਖੀ ਦਿਖਾਈ ਦੇਂਦੀ ਹੈ, ਪਰ ਉਸ ਭਾਈਚਾਰੇ ਅੰਦਰ ਬਹੁਤ ਸਾਰੇ ਲੋਕ ਇਸ ਸੋਚ ਵਾਲੇ ਵੀ ਹਨ, ਜਿਹੜੇ ਕਤਾਰਬੰਦੀ ਹੋ ਗਈ ਤਾਂ ਟਰੰਪ ਪਿੱਛੇ ਭੁਗਤ ਸਕਦੇ ਹਨ।

ਅਮਰੀਕਾ ਦੀ ਗੱਲ ਅਸੀਂ ਅਮਰੀਕੀ ਨਾਗਰਿਕਾਂ ਦੀ ਜ਼ਮੀਰ ਦੀ ਆਵਾਜ਼ ਉੱਤੇ ਛੱਡ ਕੇ ਭਾਰਤ ਬਾਰੇ ਸੋਚਣਾ ਸ਼ੁਰੂ ਕਰੀਏ ਤਾਂ ਇਸ ਵਿੱਚ ਧਰਮ ਨਿਰਪੱਖਤਾ ਦੀਆਂ ਸੁਰਾਂ ਇਸ ਵੇਲੇ ਪਹਿਲਾਂ ਜਿੰਨੀਆਂ ਤਾਕਤਵਰ ਨਹੀਂ ਰਹੀਆਂ। ਭਾਰਤ ਦੇ ਹਿੱਤ ਚਾਹੁਣ ਵਾਲੇ ਹੋਰ ਲੋਕਾਂ ਵਾਂਗ ਅਸੀਂ ਖੁਦ ਵੀ ਧਰਮ ਨਿਰਪੱਖਤਾ ਦੇ ਪੱਖ ਵਿੱਚ ਖੜੇ ਰਹੇ ਹਾਂ ਤੇ ਅੱਜ ਵੀ ਇਸ ਦਾ ਪੱਲਾ ਛੱਡਣ ਨੂੰ ਤਿਆਰ ਨਹੀਂ, ਪਰ ਹਕੀਕਤ ਇਹ ਹੈ ਕਿ ਬਹੁਤ ਸਾਰੇ ਕੱਲ੍ਹ ਦੇ ਧਰਮ-ਨਿਰਪੱਖ ਅੱਜ ਗੱਦੀਆਂ ਦੀ ਝਾਕ ਜਾਂ ਮਾਰ ਖਾਣ ਤੋਂ ਬਚਣ ਲਈ ਵਗਦੇ ਪਾਣੀ ਨਾਲ ਵਗਣਾ ਠੀਕ ਮੰਨਣ ਲੱਗੇ ਹਨ। ਹਾਲਾਤ ਏਨਾ ਮੋੜਾ ਕੱਟ ਚੁੱਕੇ ਹਨ ਕਿ ਜਿਹੜੀ ਕਾਂਗਰਸ ਪਾਰਟੀ, ਆਪਣੇ ਸੌ ਐਬਾਂ ਦੇ ਬਾਵਜੂਦ, ਧਰਮ-ਨਿਰਪੱਖ ਧਿਰਾਂ ਵਿੱਚੋਂ ਸਾਰਿਆਂ ਤੋਂ ਵੱਡੀ ਧਿਰ ਗਿਣੀ ਜਾਂਦੀ ਸੀ, ਉਸ ਦੇ ਕਈ ਲੀਡਰ ਵੀ ਆਨੇ-ਬਹਾਨੇ ਮੋਦੀ ਸਰਕਾਰ ਦੇ ਉਨ੍ਹਾਂ ਕਦਮਾਂ ਦੀ ਹਮਾਇਤ ਕਰਨ ਦੇ ਰਾਹ ਪੈ ਗਏ ਹਨ, ਜਿਹੜੇ ਕਦਮਾਂ ਦਾ ਪਹਿਲਾਂ ਵਿਰੋਧ ਕਰਿਆ ਕਰਦੇ ਸਨ। ਇਸ ਵੇਲੇ ਅਸਲੋਂ ਫਿਰਕੂ ਰੰਗ ਨਾਲ ਕੋਈ ਰਾਜ ਸਰਕਾਰ ਚੱਲਦੀ ਕਹੀ ਜਾ ਸਕਦੀ ਹੈ ਤਾਂ ਉੱਤਰ ਪ੍ਰਦੇਸ਼ ਦੀ ਸਰਕਾਰ ਉੱਤੇ ਉਂਗਲ ਧਰਨ ਵਿੱਚ ਕੋਈ ਵੀ ਦੇਰ ਨਹੀਂ ਕਰੇਗਾ, ਪਰ ਉਸ ਸਰਕਾਰ ਵਿੱਚ ਤਿੰਨ ਮੰਤਰੀ ਪੁਰਾਣੇ ਕਾਂਗਰਸੀ ਆਗੂ ਹਨ, ਜਿਹੜੇ ਕਾਂਗਰਸ ਵਿੱਚ ਹੁੰਦਿਆਂ ਤੋਂ ਭਾਜਪਾ ਨੂੰ ਫਿਰਕਾ ਪ੍ਰਸਤੀ ਦੀ ਝੰਡਾ ਬਰਦਾਰ ਕਹਿ ਕੇ ਭੰਡਦੇ ਹੁੰਦੇ ਸਨ। ਗੁਜਰਾਤ ਵਿੱਚ ਨਰਿੰਦਰ ਮੋਦੀ ਦੀ ਚੜ੍ਹਤ ਦਾ ਦੌਰ ਆਉਂਦੇ ਸਾਰ ਹੀ ਬਹੁਤ ਸਾਰੇ ਕਾਂਗਰਸੀ ਆਗੂ ਆਪਣੀ ਧਰਮ-ਨਿਰਪੱਖਤਾ ਨੂੰ ਪਹਿਲੀ ਪਾਰਟੀ ਦੇ ਵਿਹੜੇ ਵਿੱਚ ਢੇਰੀ ਕੀਤਿਆਂ ਬਗੈਰ ਛਾਲਾਂ ਮਾਰ ਕੇ ਭਾਜਪਾ ਵੱਲ ਚਲੇ ਗਏ ਸਨ ਅਤੇ ਉਸ ਪਾਸੇ ਜਾਣ ਦਾ ਇਹ ਵਹਿਣ ਅੱਜ ਵੀ ਜਾਰੀ ਹੈ। ਪੱਛਮੀ ਬੰਗਾਲ ਦੇ ਕਿੰਨੇ ਸੱਜਣ ਪਹਿਲਾਂ ਮਾਰਕਸੀ ਕਮਿਊਨਿਸਟ ਪਾਰਟੀ ਦੇ ਆਗੂ ਅਤੇ ਵਿਧਾਇਕ ਹੋਇਆ ਕਰਦੇ ਸਨ ਤੇ ਅੱਜ ਭਾਜਪਾ ਦੇ ਆਗੂ ਬਣੇ ਹੋਏ ਹਨ, ਇਹ ਵੀ ਗਿਣਤੀ ਦਾ ਦਿਲਸਚਪ ਵਿਸ਼ਾ ਹੋ ਸਕਦਾ ਹੈ। ਭਾਜਪਾ ਅਤੇ ਆਰ ਐੱਸ ਐੱਸ ਦੇ ਆਗੂਆਂ ਦੀ ਅੱਖ ਅੱਗੋਂ ਕੇਰਲਾ ਵੱਲ ਹੈ ਤੇ ਉਨ੍ਹਾਂ ਦੇ ਲੀਡਰ ਇਹ ਖੁੱਲ੍ਹਾ ਕਹਿ ਰਹੇ ਹਨ ਕਿ ਪੱਛਮੀ ਬੰਗਾਲ ਵਾਲਾ ਤਜਰਬਾ ਉਸ ਰਾਜ ਵਿੱਚ ਕੰਮ ਆਉਣ ਵਾਲਾ ਹੈ। ਅਸੀਂ ਸਮਝਦੇ ਹਾਂ ਕਿ ਏਦਾਂ ਕਰਨਾ ਸੌਖਾ ਨਹੀਂ, ਪਰ ਉਹ ਪੂਰੇ ਜ਼ੋਰ ਨਾਲ ਇਸ ਕੰਮ ਲੱਗੇ ਹੋਏ ਹਨ ਅਤੇ ਪੱਛਮੀ ਬੰਗਾਲ ਵਿੱਚ ਉਹ ਤ੍ਰਿਣਮੂਲ ਕਾਂਗਰਸ ਦੇ ਬੰਦੇ ਵੀ ਤੋੜਨ ਲਈ ਜ਼ੋਰ ਲਾ ਰਹੇ ਹਨ।

ਅਮਰੀਕਾ ਵਿੱਚ ਪੋਰਟਲੈਂਡ ਦੀਆਂ ਖਬਰਾਂ ਦੱਸਦੀਆਂ ਹਨ ਕਿ ਨਸਲਵਾਦ ਦੇ ਵਿਰੋਧੀਆਂ ਦੇ ਨਾਲ ਭਿੜਨ ਦੇ ਲਈ ਮੂਲਵਾਦੀਆਂ ਨੂੰ ਉਕਸਾਇਆ ਗਿਆ ਹੈ ਤੇ ਇਸ ਬਹਾਨੇ ਇੱਕ ਖਾਸ ਚੋਣ ਨੀਤੀ ਅੱਗੇ ਵਧਾਈ ਗਈ ਹੈ। ਭਾਰਤ ਦੀ ਚੋਣ ਨੀਤੀ ਵਿੱਚ ਇਹ ਕੰਮ ਚਿਰਾਂ ਤੋਂ ਹੁੰਦਾ ਰਿਹਾ ਹੈ ਤੇ ਪਿਛਲੀਆਂ ਦੋ ਪਾਰਲੀਮੈਂਟ ਚੋਣਾਂ ਵਿੱਚ ਲੋਕਾਂ ਲਈ ਕੀਤੇ ਕੰਮਾਂ ਬਦਲੇ ਵੋਟਾਂ ਮੰਗਣ ਦੀ ਬਜਾਏ ਜਿਵੇਂ 'ਅੱਠ ਸੌ ਸਾਲ ਬਾਅਦ' ਵਾਲੀ ਭਾਵਨਾ ਪੈਦਾ ਕੀਤੀ ਜਾਂਦੀ ਰਹੀ ਹੈ, ਉਹੋ ਵਰਤਾਰਾ ਇਸ ਵਕਤ ਬਹੁਤ ਸਾਰੇ ਦੇਸ਼ਾਂ ਵਿੱਚ ਅੱਗੇ ਵਧ ਰਿਹਾ ਹੈ। ਅਮਰੀਕਾ ਦੇ ਲੋਕ ਕਿਸ ਨੂੰ ਚੁਣਦੇ ਹਨ ਅਤੇ ਕਿਹੜੇ ਨੂੰ ਰੱਦ ਕਰਦੇ ਹਨ, ਇਹ ਗੱਲ ਉਸ ਦੇਸ਼ ਦੇ ਲੋਕਾਂ ਦੀ ਚੇਤਨਾ ਲਈ ਛੱਡ ਕੇ ਸਾਡੀ ਚਿੰਤਾ ਇਸ ਗੱਲ ਦੀ ਹੈ ਕਿ ਭਾਰਤ ਵਿਚਲੀ ਚੋਣ ਰਾਜਨੀਤੀ ਇਸ ਦੇਸ਼ ਨੂੰ ਮੱਧ-ਯੁੱਗੀ ਦੌਰ ਵੱਲ ਲਿਜਾ ਰਹੀ ਹੈ। ਇਸ ਨੂੰ ਰੋਕਣ ਦੀ ਲੋੜ ਹੈ, ਪਰ ਰੋਕਣ ਦਾ ਕੰਮ ਕੋਈ ਇੱਕ ਧਿਰ ਆਪਣੇ ਸਿਰ ਕਰਨ ਦਾ ਦਾਅਵਾ ਨਹੀਂ ਕਰ ਸਕਦੀ, ਇਸ ਦੇ ਲਈ ਸਾਰੀਆਂ ਧਰਮ-ਨਿਰਪੱਖ ਧਿਰਾਂ ਨੂੰ ਸਿਰ ਜੋੜਨ ਦੀ ਲੋੜ ਹੈ। ਬਦਕਿਸਮਤੀ ਦੀ ਗੱਲ ਹੈ ਕਿ ਧਰਮ-ਨਿਰਪੱਖ ਧਿਰਾਂ ਨੇ ਪਹਿਲਾਂ ਆਪਣੀ ਖਹਿਬੜ ਦੇ ਕਾਰਨ ਏਨਾ ਵਕਤ ਗੁਆ ਲਿਆ ਅਤੇ ਏਨਾ ਨੁਕਸਾਨ ਕਰ ਲਿਆ ਹੈ ਕਿ ਅੱਜ ਉਹ ਇਕੱਠੀਆਂ ਵੀ ਹੋ ਜਾਣ ਤਾਂ ਦੇਸ਼ ਵਿੱਚ ਨੰਗਾ ਨਾਚ ਨੱਚ ਰਹੀ ਫਿਰਕਾ ਪ੍ਰਸਤੀ ਨੂੰ ਝਟਾਪਟ ਰੋਕਣਾ ਏਨਾ ਸੌਖਾ ਨਹੀਂ ਹੋਣਾ। ਉਹ ਫਿਰ ਵੀ ਬਾਅਦ ਦੀ ਗੱਲ ਹੈ, ਪਹਿਲੀ ਗੱਲ ਤਾਂ ਇਹ ਹੈ ਕਿ ਧਰਮ-ਨਿਰਪੱਖ ਧਿਰਾਂ ਅੱਜ ਵੀ ਇਸ ਏਕੇ ਦੀ ਲੋੜ ਪਛਾਣਦੀਆਂ ਹਨ ਕਿ ਨਹੀਂ!

# ਸਿੱਖ ਭਾਈਚਾਰੇ ਨੂੰ ਗੰਭੀਰ ਚੁਣੌਤੀਆਂ ਦਾ ਸਾਹਮਣਾ



-ਡਾ ਐੱਸ ਪੀ ਸਿੰਘ-

ਇਸ ਸਮੇਂ ਸਿੱਖ ਧਰਮ ਦੀ ਸਿਆਸਤ ਨਵੀਆਂ ਕਰਵਟਾਂ ਲੈ ਰਹੀ ਹੈ, ਪਰ ਦੁੱਖ ਦੀ ਗੱਲ ਹੈ ਕਿ ਇਹ ਕਰਵਟਾਂ ਸਾਕਾਰਾਤਮਕ ਘੱਟ ਅਤੇ ਨਾਕਾਰ-ਾਤਮਕ ਵੱਧ ਹਨ। ਸਾਕਾਰਾਤਮਕ ਪੱਖ ਇਹ ਹੈ ਕਿ ਸ੍ਰੀ ਅਕਾਲ ਤਖ਼ਤ ਦੇ ਓਟ ਆਸਰੇ ਹੇਠ ਪੰਜ ਸਿੰਘ ਸਾਹਿਬਾਨ ਨੇ ਵੱਡੀ ਗਿਣਤੀ ਵਿੱਚ ਵੱਡੇ ਫੈਸਲੇ ਕੀਤੇ ਹਨ। ਇਨ੍ਹਾਂ ਫੈਸਲਿਆਂ ਦੀ ਭਾਵਨਾ ਨੇ ਇਹ ਆਸ ਦਿਵਾਈ ਹੈ ਕਿ ਸ੍ਰੀ ਅਕਾਲ ਤਖਤ ਵੱਲੋਂ ਤੱਤਪਰਤਾ ਤੇ ਸਰਗਰਮੀ ਨਾਲ ਪੰਥਕ ਮੁੱਦਿਆਂ ਸਬੰਧੀ ਅਗਵਾਈ ਕਰਨ ਦੀ ਸਮਰੱਥਾ ਤੇ ਪ੍ਰਤੀਬੱਧਤਾ ਦਾ ਪ੍ਰਗਟਾਵਾ ਕੀਤਾ ਹੈ। ਨਿਰ-ਸੰਦੇਹ ਪੰਥਕ ਧਿਰਾਂ ਵੱਲੋਂ ਸਮੇਂ ਸਮੇਂ ਵਿਚਾਰੇ ਗਏ, ਪਰ ਲਟਕੇ ਰਹੇ ਮਾਮਲਿਆਂ ਬਾਰੇ ਧਾਰੀ ਗਈ ਚੁੱਪ ਲਈ ਸ਼ੱਕ ਵੀ ਪੈਦਾ ਹੁੰਦੇ ਹਨ, ਜਿਵੇਂ ਸੁੱਚਾ ਸਿੰਘ ਲੰਗਾਹ ਨੂੰ ਅੰਮ੍ਰਿਤ ਛਕਾਉਣਾ, ਅਤੇ ਇਸ ਦੇ ਪਿੱਛੇ ਦੀ ਸਾਜ਼ਿਸ਼ ਬਾਰੇ ਵੀ ਪ੍ਰਭਾਵਸ਼ਾਲੀ ਚਿੰਤਾ ਦਾ ਪ੍ਰਗਟਾਵਾ ਵੀ ਨਹੀਂ ਕੀਤਾ ਗਿਆ। ਇਸੇ ਤਰ੍ਹਾਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮਸਲਿਆਂ ਨੂੰ ਹੱਲ ਕਰਨ ਲਈ ਸਭਨਾਂ ਧਿਰਾਂ ਦੀ ਮੀਟਿੰਗ ਵਿੱਚ ਪੜਤਾਲ ਕਮੇਟੀ ਬਣਾ ਕੇ ਦੋ ਮਹੀਨਿਆਂ ਵਿੱਚ ਭ੍ਰਿਸ਼ਟ ਪ੍ਰਬੰਧਾਂ ਬਾਰੇ ਸੱਚ-ਝੂਠ ਦਾ ਨਿਤਾਰਾ ਕਰਨਾ ਸੀ, ਪਰ ਛੇ ਮਹੀਨੇ ਦੇ ਕਰੀਬ ਲੰਘਣ ਦੇ ਬਾਵਜੂਦ ਅਜੇ ਕਮੇਟੀ ਹੀ ਨਹੀਂ ਬਣੀ। ਇਸੇ ਤਰ੍ਹਾਂ ਵਿਦੇਸ਼ਾਂ ਵਿੱਚ ਸਿੱਖਾਂ ਦੀਆਂ ਸਮੱਸਿਆਵਾਂ ਅਤੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਗੁਰਦੁ-ਆਰਾ ਸਾਹਿਬਾਨ ਤੇ ਬਾਹਰੀ ਤਾਕਤਾਂ ਵੱਲੋਂ ਕਬਜ਼ਿਆਂ ਬਾਰੇ ਕੋਈ ਕਾਰਵਾਈ ਨਹੀਂ ਕੀਤੀ ਗਈ। ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਕੁਝ ਮਸਲਿਆਂ ਵਿੱਚ ਦਿਖਾਈ ਸਰਗਰਮੀ ਸਾਕਾਰਾਤਮਕ ਕਦਮ ਮੰਨੀ ਜਾ ਸਕਦੀ ਹੈ, ਪਰ ਚਿਰਾਂ ਤੋਂ ਸ੍ਰੀ ਅਕਾਲ ਤਖਤ ਦੀ ਮਾਣ ਮਰਿਆਦਾ, ਕਾਰਜਸ਼ੈਲੀ ਬਾਰੇ ਲੱਗਦੇ ਪ੍ਰਸ਼ਨ ਚਿੰਨ੍ਹ ਕਈ ਪ੍ਰਕਾਰ ਦੀਆਂ ਦੁਬਿਧਾਵਾਂ ਪ੍ਰਗਟ ਕਰ ਰਹੇ ਹਨ ਜਿਸ ਕਾਰਨ ਸ੍ਰੀ ਅਕਾਲ ਤਖਤ ਦੇ ਜਥੇਦਾਰ ਦੀ ਅਗਵਾਈ ਵਿੱਚ ਪੰਜ ਤਖਤਾਂ ਦੇ ਸਿੰਘ ਸਾਹਿਬਾਨ ਦੁਆਰਾ ਕੀਤੇ ਫੈਸਲਿਆਂ ਬਾਰੇ ਕਿੰਤੂ-ਪ੍ਰੰਤੂ ਪੈਦਾ ਹੋਣੇ ਸੁਭਾਵਕ ਹਨ।

ਸ੍ਰੀ ਅਕਾਲ ਤਖਤ ਵੱਲੋਂ ਕੀਤੇ ਫੈਸਲਿਆਂ ਵਿੱਚੋਂ ਦੋ ਪ੍ਰਮੁੱਖ ਹਨ। ਇੱਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਕਾਸ਼ਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ ਦਾ ਰਿਕ-ਾਰਡ ਤੋਂ ਗਾਇਬ ਹੋਣਾ। ਇਸ ਬਾਰੇ ਜਥੇਦਾਰ ਵੱਲੋਂ ਦਿਖਾਈ ਸਰਗਰਮੀ ਤੇ ਤੱਤਪਰਤਾ ਪ੍ਰਸ਼ੰਸਾ ਦੀ ਪਾਤਰ ਹੈ, ਪਰ ਇਸ ਬਾਰੇ ਕੀਤੀ ਕਾਰਵਾਈ ਵਿੱਚ ਮੂਲ ਮੁੱਦੇ ਦਾ ਕੋਈ ਜੁਆਬ ਨਹੀਂ ਆਇਆ ਕਿ ਸਰੂਪ ਕਿੰਨੇ, ਕਿਵੇਂ ਅਤੇ ਕਿਉਂ ਗਾਇਬ ਹੋਏ ਸਨ ਤੇ ਇਸ ਪਿੱਛੇ ਕਿਹੜੀਆਂ ਸ਼ਕਤੀਆਂ ਸਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੇਠਲੀ ਕਤਾਰ ਦੇ ਮੁਲਾਜ਼ਮਾਂ ਉੱਤੇ ਐਕਸ਼ਨ ਲੈ ਲਿਆ, ਪਰ ਚੀਫ ਸਕੱਤਰ ਦੇ ਪਹਿਲਾਂ ਦਿੱਤੇ ਅਸਤੀਫੇ ਨਾਲ ਬੁੱਤਾ ਸਾਰਿਆ ਗਿਆ। ਇਸ ਨਾਲ ਸੰਗਤ ਦੀ ਸੰਤੁਸ਼ਟੀ ਨਹੀਂ ਹੋਈ ਜਾਪਦੀ ਤੇ ਇਸ ਬਾਰੇ ਵਧੇਰੇ ਗੰਭੀਰਤਾ ਨਾਲ ਵਿਚਾਰਨ ਦੀ ਲੋੜ ਹੈ। ਦੁਨਿਆਵੀ ਅਦਾਲਤਾਂ ਵਿੱਚ ਇਸ ਧਾਰਮਿਕ ਭਾਵਨਾ ਦੇ ਸੰਵੇਦਨਸ਼ੀਲ ਮੁੱਦਿਆਂ ਦਾ ਹੱਲ ਨਹੀਂ ਲੱਭਿਆ ਜਾ ਸਕਦਾ। ਇਸ ਮਸਲੇ ਬਾਰੇ ਗੰਭੀਰਤਾ ਅਤੇ ਸਾਬਤ ਕਦਮਾਂ ਨਾਲ ਹੀ ਮਸਲੇ ਦਾ ਹੱਲ ਲੱਭਿਆ ਜਾ ਸਕਦਾ ਹੈ। ਸਿੱਖ ਭਾਵਨਾਵਾਂ ਨੂੰ ਸੰਤੁਸ਼ਟ ਕਰਨਾ ਸਮੇਂ ਦੀ ਵੱਡੀ ਲੋੜ ਹੈ।

ਸ੍ਰੀ ਅਕਾਲ ਤਖਤ ਸਾਹਿਬ ਦੇ ਫੈਸਲਿਆਂ ਵਿੱਚ ਪ੍ਰਮੁੱਖ ਰੂਪ ਵਿੱਚ ਵਿਵਾਦ ਗ੍ਰਸਤ ਮਸਲਾ ਭਾਈ ਰਣਜੀਤ ਸਿੰਘ ਢੱਡਰੀਆਂ ਬਾਰੇ ਕੀਤਾ ਫੈਸਲਾ ਹੈ। ਉਸ ਦੀ ਨਜ਼ਰ ਨਾਲ ਇਹ ਕੇਸ ਇੱਕ ਡੇਰੇ ਅਤੇ ਉਸ ਦੇ ਪੈਰੋਕਾਰਾਂ ਨਾਲ ਸਬੰਧਤ ਹੈ, ਪਰ ਇਸ ਦੀਆਂ ਕਈ ਪਰਤਾਂ ਹਨ। ਇਹ ਇਕੱਲਾ ਭਾਈ ਰਣਜੀਤ ਸਿੰਘ ਢੱਡਰੀਆਂ ਦਾ ਮਸਲਾ ਨਹੀਂ, ਇਸ ਕਾਰਨ ਸਿੱਖ ਕੌਮ ਪਹਿਲਾਂ ਹੀ ਵੰਡੀ ਹੋਈ ਹੈ ਤੇ ਭਾਈ ਰਣਜੀਤ ਸਿੰਘ ਢੱਡਰੀਆਂ ਵੱਲੋਂ ਇਸ ਫੈਸਲੇ ਦੇ ਪ੍ਰਤੀਕਰਮ ਵਜੋਂ ਪੈਦਾ ਕੀਤੀ ਹਾਲਤ ਨੇ ਸਿੱਖ ਪੰਥ ਸਾਹਮਣੇ ਵੱਡੀਆਂ ਚੁਣੌਤੀਆਂ ਪੈਦਾ ਕਰ ਦਿੱਤੀਆਂ ਹਨ। ਹਾਲਤ ਦੇ ਸਨਮੁੱਖ ਵਧੇਰੇ ਪੰਥਕ ਹਿੱਤਾਂ ਨੂੰ ਸਾਹਮਣੇ ਰੱਖ ਕੇ ਸੰਜੀਦਗੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤਾਂ ਤੇ ਭਾਵਨਾ ਦੇ ਅਨੁਕੂਲ ਹੱਲ ਤਲਾਸ਼ਣਾ ਚਾਹੀਦਾ ਹੈ। ਅਸਲ ਵਿੱਚ ਮੂਲ ਮੁੱਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਇਲਾਵਾ ਦੂਜੇ ਗ੍ਰੰਥਾਂ ਨੂੰ ਮਾਨਤਾ ਦੇਣਾ ਹੈ। ਇਸ ਵਿੱਚ ਦਸਮ ਗ੍ਰੰਥ ਤੇ ਹੋਰ ਦੇ ਰਚਨਾਕਾਰ ਨਾਲ ਸਬੰਧਤ ਮਸਲਾ ਹੈ, ਇਸ ਮੂਲ ਮੁੱਦੇ ਉੱਤੇ ਸਿੱਖ ਪੰਥ ਵੱਡੇ ਦੋਫਾੜ ਵੱਲ ਵਧ ਰਿਹਾ ਹੈ। ਸਿੰਘ ਸਾਹਿਬਾਨ ਵੱਲੋਂ ਇਸ ਸਬੰਧੀ ਕੋਈ ਫੈਸਲਾ ਨਹੀਂ ਲਿਆ ਜਾ ਸਕਦਾ ਕਿਉਂਕਿ ਦੋ ਤਖਤਾਂ ਸ੍ਰੀ ਹਜ਼ੂਰ ਸਾਹਿਬ ਤੇ ਦਮਦਮੀ ਟਕਸਾਲ ਦੀ ਇਸ ਪ੍ਰਤੀ ਦ੍ਰਿੜ੍ਹ ਧਾਰਨਾ ਹੈ। ਇਹ ਹਾਲਤ ਪਿਛਲੇ ਕਈ ਦਹਾਕਿਆਂ ਤੋਂ ਚੱਲ ਰਹੀ ਹੈ ਤੇ ਪੰਥਕ ਰਵਾਇਤਾਂ ਅਨੁਸਾਰ ਸਾਰੀਆਂ ਧਿਰਾਂ ਆਪੋ-ਆਪਣੇ ਢੰਗਾਂ ਨਾਲ ਕਾਰਜਸ਼ੀਲ ਸਨ। ਇਨ੍ਹਾਂ ਹਾਲਾਤ ਨੂੰ ਇਸਲਾਮ ਵਿੱਚ ਸ਼ੀਆ-ਸੁੰਨੀ, ਈਸਾਈ ਮੱਤ ਵਿੱਚ ਰੋਮਨ ਤੇ ਪ੍ਰੋਟੈਸਟੈਂਟ ਵਜੋਂ ਦੇਖਿਆ ਜਾ ਰਿਹਾ ਹੈ, ਪਰ ਜੇ ਪੰਥ ਵਿੱਚ ਵੀ ਇਹ ਹਾਲਤ ਪੈਦਾ ਹੋ ਗਈ ਤਾਂ ਇਹ ਇਤਿਹਾਸ ਦੀ ਗੰਭੀਰ ਭੁੱਲ ਮੰਨੀ ਜਾ ਸਕਦੀ ਹੈ। ਸਿੱਖ ਇਤਿਹਾਸ ਵਿੱਚ ਪਹਿਲਾਂ ਵੀ ਅਜਿਹੇ ਹਾਲਾਤ ਪੈਦਾ ਹੋਏ ਸਨ, ਪਰ ਓਦੋਂ ਸਿਆਣੀਆਂ ਅਤੇ ਸੰਜੀਦਾ ਧਾਰਮਿਕ ਸ਼ਖਸੀਅਤਾਂ ਨੇ ਮਸਲੇ ਨੂੰ ਸੁਲਝਾ ਲਿਆ ਸੀ, ਜਿਵੇਂ ਤੱਤ ਖਾਲਸਾ ਤੇ ਬੰਦਈ ਖਾਲਸਾ ਦਾ ਮਸਲਾ ਵੀ ਵੱਡੀ ਚੁਣੌਤੀ ਗੰਭੀਰ ਰੂਪ ਗਿਆ ਸੀ, ਪਰ ਭਾਈ ਮਨੀ ਸਿੰਘ ਜੀ ਦੀ ਪਹਿਲਕਦਮੀ ਨਾਲ ਉਸ ਗੰਭੀਰ ਸੰਕਟ ਦਾ ਹੱਲ ਵੀ ਲੱਭ ਲਿਆ ਗਿਆ ਸੀ।।

ਇਸ ਲਈ ਸਮੇਂ ਦੀ ਵੱਡੀ ਲੋੜ ਹੈ ਕਿ ਕੁਝ ਸਿੱਖ ਸ਼ਖਸੀਅਤਾਂ ਬੈਠ ਕੇ ਇਸ ਬਾਰੇ ਕਿਸੇ ਵਿਚਾਰਧਾਰਕ ਰਸਤੇ ਦੀ ਤਲਾਸ਼ ਲਈ ਸਰਗਰਮੀ ਦਿਖਾਉਣ, ਟਕਰਾਅ ਅਤੇ ਸ਼ਕਤੀ ਦੇ ਪ੍ਰਦਰਸ਼ਨ ਦੀ ਥਾਂ ਸਹਿਣਸ਼ੀਲਤਾ, ਸੰਜੀਦਗੀ ਅਤੇ ਸਿੱਖੀ ਭਾਵਨਾ ਅਨੁਸਾਰ ਮਸਲੇ ਦਾ ਹੱਲ ਤਲਾਸ਼ਣ ਬਾਰੇ ਪਹਿਲਕਦਮੀ ਕਰਨਾ ਸਮੇਂ ਦੀ ਵੱਡੀ ਲੋੜ ਹੈ।।


## ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੌਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224


## ਹਲਕਾ ਫੁਲਕਾ



ਪਿਤਾ (ਪੁੱਤਰ ਨੂੰ), "ਬੇਟਾ, ਤੇਰੀ ਜਮਾਤ ਵਿੱਚ ਸਭ ਤੋਂ ਮਿਹਨਤੀ ਵਿਦਿਆਰਥੀ ਕੌਣ ਹੈ?"
ਪੁੱਤਰ, "ਪਿਤਾ ਜੀ, ਮੈਂ ਹੀ ਹਾਂ।"
ਪਿਤਾ, "ਉਹ ਕਿਵੇਂ?"
ਪੁੱਤਰ, "ਸਾਰੇ ਵਿਦਿਆਰਥੀ ਸੀਟ 'ਤੇ ਬੈਠੇ ਰਹਿੰਦੇ ਹਨ, ਸਿਰਫ ਮੈਂ ਪਿੱਛੇ ਕੰਨ ਫੜ੍ਹ ਕੇ ਖੜ੍ਹਾ ਰਹਿੰਦਾ ਹਾਂ।"

*********

ਪ੍ਰਾਇਮਰੀ ਸਕੂਲ 'ਚ ਪੜ੍ਹ ਰਹੇ ਇੱਕ ਬੱਚੇ ਨੇ ਟੀਚਰ ਤੋਂ ਪੁੱਛਿਆ, "ਮੈਡਮ ਤੁਸੀਂ ਮੈਨੂੰ ਥੱਪੜ ਕਿਉਂ ਮਾਰਿਆ?"
"ਕਿਉਂਕਿ ਤੂੰ ਕਲਾਸ 'ਚ ਖੜ੍ਹਾ ਸੀ।" ਟੀਚਰ ਨੇ ਜਵਾਬ ਦਿੱਤਾ।
"...ਤਾਂ ਫਿਰ ਤੁਸੀਂ ਖੁਦ ਨੂੰ ਥੱਪੜ ਕਿਉਂ ਨਹੀਂ ਮਾਰਿਆ? ਤੁਸੀਂ ਵੀ ਕਲਾਸ 'ਚ ਖੜ੍ਹੇ ਸੀ।" ਬੱਚੇ ਨੇ ਬੜੇ ਹੀ ਭੋਲੇਪਣ ਨਾਲ ਕਿਹਾ।

*********

ਭਿਖਾਰਣ, "ਬਾਬੂ ਜੀ ਇੱਕ ਰੁਪਿਆ ਦੇ ਦਿਓ। ਤਿੰਨ ਦਿਨ ਤੋਂ ਭੁੱਖੀ ਹਾਂ।"
ਬਾਬੂ ਜੀ, "ਤਿੰਨ ਦਿਨ ਤੋਂ ਭੁੱਖੀ ਏਂ ਤਾਂ ਇੱਕ ਰੁਪਏ ਨਾਲ ਕੀ ਹੋਵੇਗਾ?"
ਭਿਖਾਰਣ, "ਬੱਸ ਭਾਰ ਦੇਖਣਾ ਹੈ ਕਿ ਕਿੰਨਾ ਘੱਟ ਹੋਇਆ।"



ਹੜ੍ਹ ਦੇ ਪਾਣੀ ’ਤੇ ਸਿਆਸਤ :

# ਸੁਖਬੀਰ ਸਿੰਘ ਬਾਦਲ ਪਿਛੋਂ ਕਾਂਗਰਸੀ ਆਗੂ ਵੀ ਹੜ੍ਹ ਪੀੜਤਾਂ ਦੀ ਸਾਰ ਲੈਣ ਜਾ ਪੁੱਜੇ

*** ਜਾਖੜ ਨੇ ਬਾਦਲਾਂ ਨੂੰ 2246 ਕਰੋੜ ਦੇ ਫੰਡਾਂ ਬਾਰੇ ਪੁੱਛਿਆ**



ਲੰਬੀ, 10 ਸਤੰਬਰ (ਪੋਸਟ ਬਿਊਰੋ)- ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਹੜ੍ਹ ਮਾਰੇ ਖੇਤਰਾਂ ਵਿੱਚ ਜਾਣ ਪਿੱਛੋਂ ਕਾਂਗਰਸ ਆਗੂ ਵੀ ਪੀੜਤਾਂ ਦੀ ਸਾਰ ਲੈਣ ਜਾ ਪੁੱਜੇ ਹਨ।

ਕੱਲ੍ਹ ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੇ ਹੜ੍ਹਾਂ ਵਾਲੇ ਪਾਣੀ ਦੇ ਮਾੜੇ ਨਿਕਾਸੀ ਪ੍ਰਬੰਧਾਂ ਬਾਰੇ ਕਿਹਾ ਕਿ ਸਾਬਕਾ ਅਕਾਲੀ-ਭਾਜਪਾ ਸਰਕਾਰ ਨੂੰ ਓਦੋਂ ਦੀ ਕੇਂਦਰ ਦੀ ਮਨਮੋਹਨ ਸਿੰਘ ਸਰਕਾਰ ਨੇ ਸੇਮ ਨਾਲਿਆਂ ਲਈ 2246 ਕਰੋੜ ਰੁਪਏ ਦਿੱਤੇ ਸਨ, ਉਸ ਦਾ ਪਤਾ ਨਹੀਂ ਕੀ ਬਣਿਆ। ਇਸ ਮੌਕੇ ਜਾਖੜ ਨਾਲ ਕੈਬਨਿਟ ਮੰਤਰੀ ਸੁਖਬਿੰਦਰ ਸਿੰਘ ਸੁਖ ਸਰਕਾਰੀਆ ਅਤੇ ਗੁਰਪ੍ਰੀਤ ਸਿੰਘ ਕਾਂਗੜ ਵੀ ਸਨ। ਉਨ੍ਹਾਂ ਲੰਬੀ ਹਲਕੇ ਦੇ ਪਿੰਡ ਪੰਨੀਵਾਲਾ ਫੱਤਾ, ਰੱਤਾ ਟਿੱਬਾ ਅਤੇ ਮੋਹਲਾਂ ਦਾ ਦੌਰਾ ਕੀਤਾ। ਜਾਖੜ ਨੇ ਕਿਹਾ ਕਿ ਮਨਮੋਹਨ ਸਿੰਘ ਸਰਕਾਰ ਨੇ ਆਪਣੇ ਰਾਜ ਵੇਲੇ 2246 ਕਰੋੜ ਰੁਪਏ ਡਰੇਨ ਨੂੰ ਸਿੱਧਾ ਕਰਨ ਲਈ ਦਿੱਤੇ ਸਨ, ਉਹ ਪੈਸਾ ਕਿੱਥੇ ਵਰਤਿਆ ਹੈ, ਇਸ ਦਾ ਵੇਰਵਾ ਕਿਤੇ ਨਹੀਂ ਮਿਲਦਾ। ਉਨ੍ਹਾ ਨੇ ਕਿਹਾ ਕਿ ਜਿੰਦਾਂ ਇਥੇ ਪਾਣੀ ਖੜ੍ਹਾ ਹੈ, ਨਰਮੇ ਦੀ ਫਸਲ ਖਤਮ ਹੋ ਗਈ ਹੈ। ਅੱਗੇ ਕਣਕ ਦੀ ਬਿਜਾਈ ਲਈ ਪਾਣੀ ਦੀ ਨਿਕਾਸੀ ਕਰਾਉਣਾ ਜ਼ਰੂਰੀ ਹੈ। ਜਾਖੜ ਨੇ ਕਿਹਾ ਕਿ ਬਿਨਾਂ ਕਿਸੇ ਸਿਆਸੀ ਵਿਤਕਰੇ ਦੇ ਹਰ ਕਿਸਾਨ ਨੂੰ ਪ੍ਰਤੀ ਏਕੜ 12 ਹਜ਼ਾਰ ਰੁਪਏ ਮੁਆਵਜ਼ਾ ਦਿੱਤਾ ਜਾਵੇਗਾ। ਸਿੰਜਾਈ ਮੰਤਰੀ ਸੁਖਬਿੰਦਰ ਸਿੰਘ ਸਰਕਾਰੀਆ ਨੇ ਪਾਣੀ ਦੇ ਨਿਕਾਸ ਲਈ ਪਿੰਡ ਵਾਰ ਨੋਡਲ ਅਫਸਰ ਲਾਉਣ ਦੇ ਹੁਕਮ ਦਿੱਤੇ। ਮਾਲ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ ਨੇ ਦੱਸਿਆ ਕਿ ਸਰਕਾਰ ਵੱਲੋਂ ਵਿਸ਼ੇਸ਼ ਗਿਰਦਾਵਰੀ ਦੇ ਹੁਕਮ ਦਿੱਤੇ ਗਏ ਹਨ।

# ਚੀਨ ਦੇ ਬਾਈਕਾਟ ਦੇ ਵਕਤ ਵੀ ਸਟੀਲ ਉਤਪਾਦਕਾਂ ਨੇ ਸਟੀਲ ਦਾ ਵੱਡਾ ਹਿਸਾ ਚੀਨ ਨੂੰ ਭੇਜਿਆ

ਲੁਧਿਆਣਾ, 10 ਸਤੰਬਰ (ਪੋਸਟ ਬਿਊਰੋ)- ਅੱਜਕੱਲ੍ਹ ਭਾਰਤੀ ਇੰਜੀਨੀਅਰਿੰਗ ਇੰਡਸਟਰੀ ਲਈ ਸਟੀਲ ਦੀ ਕਮੀ ਵੱਡਾ ਮੁੱਦਾ ਬਣੀ ਹੋਈ ਹੈ। ਭਾਰਤੀ ਸਟੀਲ ਉਤਪਾਦਕਾਂ ਨੇ ਜੁਲਾਈ ਵਿੱਚ ਆਪਣੇ ਕੁੱਲ ਉਤਪਾਦਨ ਦਾ ਚਾਲੀ ਫੀਸਦੀ ਸਟੀਲ ਇਕੱਲੇ ਚੀਨ ਨੂੰ ਬਾਈਕਾਟ ਦੇ ਨਾਅਰਿਆਂ ਦੌਰਾਨ ਹੀ ਸਪਲਾਈ ਕਰ ਦਿੱਤਾ ਹੈ।

ਮਿਲ ਸਕੇ ਅੰਕੜਿਆਂ ਅਨੁਸਾਰ ਭਾਰਤੀ ਸਟੀਲ ਇੰਡਸਟਰੀ ਨੇ ਜੁਲਾਈ ਵਿੱਚ 2.4 ਮਿਲੀਅਨ ਟਨ ਸਟੀਲ ਦਾ ਉਤਪਾਦਨ ਕੀਤਾ ਤੇ ਉਸ ਵਿੱਚੋਂ 0.98 ਮਿਲੀਅਨ ਟਨ ਸਟੀਲ ਚੀਨ ਨੂੰ ਵੇਚ ਦਿੱਤਾ ਸੀ। ਇਸ ਬਾਰੇ ਇੰਡਸਟਰੀ ਨੇ ਸਰਕਾਰ ਕੋਲੋਂ ਪੁੱਛਿਆ ਹੈ ਕਿ ਇੱਕ ਪਾਸੇ ਭਾਰਤ ਵਿੱਚ ਲਗਾਤਾਰ ਸਟੀਲ ਦੀਆਂ ਕੀਮਤਾਂ ਵਧਾਈਆਂ ਜਾ ਰਹੀਆਂ ਹਨ, ਇਸ ਦੇ ਬਾਵਜੂਦ ਇੰਡਸਟਰੀ ਨੂੰ ਸਟੀਲ ਨਹੀਂ ਮਿਲ ਰਿਹਾ ਅਤੇ ਦੂਜੇ ਪਾਸੇ ਚੀਨ ਦੇ ਬਾਈਕਾਟ ਦੇ ਨਾਅਰੇ ਦੌਰਾਨ ਵੀ ਭਾਰਤ ਵੱਲੋਂ ਵੱਡੀ ਮਾਤਰਾ ਵਿੱਚ ਸਟੀਲ ਚੀਨ ਨੂੰ ਭੇਜ ਦਿੱਤਾ ਗਿਆ ਹੈ।

ਚੈਂਬਰ ਆਫ ਇੰਡਸਟਰੀਜ਼ ਐਂਡ ਕਮਰਸ਼ੀਅਲ ਅੰਡਰਟੇਕਿੰਗਸ (ਸੀ ਆਈ ਸੀ ਯੂ) ਨੇ ਸਟੀਲ ਮੰਤਰੀ ਧਰਮਿੰਦਰ ਪ੍ਰਧਾਨ ਨੂੰ ਪੱਤਰ ਲਿਖ ਕੇ ਸਟੀਲ ਦੀ ਐਕਸਪੋਰਟ ਤੁਰੰਤ ਰੋਕਣ ਦੀ ਮੰਗ ਕੀਤੀ ਹੈ। ਇਸ ਨਾਲ ਸਟੀਲ ਦੀਆਂ ਕੀਮਤਾਂ ਨੂੰ ਕੰਟਰੋਲ ਕਰਨ ਦਾ ਮੁੱਦਾ ਵੀ ਉਠਾਇਆ ਹੈ। ਸੀ ਆਈ ਸੀ ਯੂ ਦੇ ਪ੍ਰਧਾਨ ਉਪਕਾਰ ਸਿੰਘ ਆਹੂਜਾ ਦਾ ਕਹਿਣਾ ਹੈ ਕਿ ਸਾਲ 2020 ਛੋਟੀ ਇੰਡਸਟਰੀ ਲਈ ਇਹ ਸਮਾਂ ਕਾਫੀ ਬੁਰਾ ਰਿਹਾ ਹੈ। ਇੰਡਸਟਰੀ ਲੇਬਰ ਦੀ ਕਿੱਲਤ, ਮੰਗ ਦੀ ਕਮੀ, ਮਹਾਮਾਰੀ ਅਤੇ ਬਾਜ਼ਾਰ ਵਿੱਚ ਪੈਸੇ ਦੀ ਕਮੀ ਨਾਲ ਪ੍ਰੇਸ਼ਾਨੀ ਦਾ ਸਾਹਮਣਾ ਕਰ ਰਹੀ ਹੈ। ਇਸ ਦੇ ਬਾਅਦ ਇੰਡਸਟਰੀ ਸਟੀਲ ਦੀਆਂ ਕੀਮਤਾਂ ਵਿੱਚ ਵਾਧਾ ਅਤੇ ਉਸ ਤੋਂ ਜ਼ਿਆਦਾ ਸਟੀਲ ਦੀ ਸ਼ਾਰਟੇਜ ਨਾਲ ਪ੍ਰੇਸ਼ਾਨੀ ਉਠਾ ਰਹੀ ਹੈ। ਸਟੀਲ ਦੀ ਕਮੀ ਕਾਰਨ ਸਟੀਲ ਉਤਪਾਦਕਾਂ ਵੱਲੋਂ ਕੀਮਤਾਂ ਦਾ ਲਗਾਤਾਰ ਵਾਧਾ ਕੀਤਾ ਜਾ ਰਿਹਾ ਹੈ। ਜੇ ਸਰਕਾਰ ਘਰੇਲੂ ਇੰਡਸਟਰੀ ਨੂੰ ਬਚਾਉਣਾ ਚਾਹੁੰਦੀ ਹੈ ਤਾਂ ਜਲਦੀ ਸਟੀਲ ਰੈਗੂਲੇਟਰੀ ਕਮੇਟੀ ਬਣਾਉਣੀ ਪਵੇਗੀ।

ਮਾਲਕਾਂ ਦੀ ਮਾਲਕੀ ਦਾ ਮਾਮਲਾ :

# ਕਿਰਾਏਦਾਰ ਰੱਖਣ ਵਾਲਿਆਂ ਨੂੰ ਪ੍ਰਾਪਰਟੀ ਟੈਕਸ ਦੇ ਨੋਟਿਸ ਜਾਣੇ ਸ਼ੁਰੂ

ਲੁਧਿਆਣਾ, 10 ਸਤੰਬਰ (ਪੋਸਟ ਬਿਊਰੋ)- ਆਪਣਾ ਖਾਲੀ ਖਜ਼ਾਨਾ ਭਰਨ ਲਈ ਰਾਜ ਦੀ ਸਭ ਤੋਂ ਵੱਡੀ ਨਗਰ ਨਿਗਮ ਲੁਧਿਆਣਾ ਨੇ ਕਿਰਾਏਦਾਰ ਰੱਖਣ ਵਾਲੇ ਲੋਕਾਂ, ਜਿਨਾਂ ਨੇ ਪ੍ਰਾਪਰਟੀ ਟੈਕਸ ਨਹੀਂ ਭਰਿਆ, ਉੱਤੇ ਸਖਤੀ ਸ਼ੁਰੂ ਕਰ ਦਿੱਤੀ ਹੈ। ਨਗਰ ਨਿਗਮ ਨੇ ਇਹੋ ਜਿਹੇ ਮਕਾਨ ਮਾਲਕਾਂ, ਲੇਬਰ ਕੁਆਰਟਰ, ਪੀ ਜੀ ਅਤੇ ਹੋਸਟਲ ਮਾਲਕਾਂ ਤੋਂ 7.5 ਫੀਸਦੀ ਸਾਲਾਨਾ ਪ੍ਰਾਪਰਟੀ ਟੈਕਸ ਲਈ ਨੋਟਿਸ ਦੇਣੇ ਸ਼ੁਰੂ ਕਰ ਦਿੱਤੇ ਹਨ।

ਇਸ ਸੰਬੰਦ ਵਿੱਚ ਪਹਿਲਾਂ ਤੋਂ ਰਿਕਾਰਡ ’ਚ ਦਰਜ ਕਰੀਬ ਪੰਜਾਹ ਹਜ਼ਾਰ ਪ੍ਰਾਪਰਟੀ ਮਾਲਕਾਂ ਨੂੰ ਨੋਟਿਸ ਭੇਜਿਆ ਜਾਣ ਲੱਗਾ ਹੈ ਅਤੇ ਮੌਕੇ ’ਤੇ ਸਰਵੇਖਣ ਕਰ ਕੇ ਕੁਆਰਟਰ, ਪੀ ਜੀ (ਪੇਇੰਗ ਗੈੱਸਟ) ਅਤੇ ਹੋਸਟਲ ਦੀ ਪਛਾਣ ਕਰ ਕੇ ਮਾਲਕਾਂ ਨੂੰ ਨੋਟਿਸ ਕੱਢੇ ਜਾਣਗੇ। ਨਗਰ ਨਿਗਮ ਦੇ ਕਮਿਸ਼ਨਰ ਨੇ ਸੰਬੰਧਤ ਵਿਭਾਗ ਨੂੰ ਵੀ ਹਦਾਇਤਾਂ ਦਿੱਤੀਆਂ ਹਨ ਕਿ ਕਿਰਾਏਦਾਰ ਰੱਖਣ ਵਾਲੇ ਘਰਾਂ ਅਤੇ ਕੁਆਰਟਰਾਂ ’ਚ ਜਾ ਕੇ ਜਾਂਚ ਕੀਤੀ ਜਾਵੇ ਕਿ ਉਥੇ ਸਬਮਰਸੀਬਲ ਪੰਪ ਲੱਗੇ ਹਨ ਜਾਂ ਨਹੀਂ। ਲੱਗੇ ਹੋਣ ਤਾਂ ਡਿਸਪੋਜ਼ਲ ਚਾਰਜ ਲਿਆ ਜਾਵੇਗਾ ਤੇ ਪੈਸੇ ਜਮਾਂ ਨਾ ਕਰਵਾਉਣ ’ਤੇ ਕਾਰਵਾਈ ਕੀਤੀ ਜਾਏਗੀ। ਪਤਾ ਲੱਗਾ ਹੈ ਕਿ ਪ੍ਰਾਪਰਟੀ ਟੈਕਸ 2020-21 ਜਮ੍ਹਾਂ ਕਰਾਉਣ ਲਈ 30 ਸਤੰਬਰ ਆਖਰੀ ਮਿਤੀ ਤੱਕ 10 ਫੀਸਦੀ ਛੋਟ ਦਿੱਤੀ ਜਾ ਰਹੀ ਹੈ। ਰਿਕਾਰਡ ਅਨੁਸਾਰ ਹਾਲੇ ਇੱਕ ਲੱਖ ਲੋਕਾਂ ਦਾ ਪ੍ਰਾਪਰਟੀ ਟੈਕਸ ਬਾਕੀ ਹੈ। ਇਸ ਤਰ੍ਹਾਂ ਪਿਛਲਾ ਬਕਾਇਆ ਜਮ੍ਹਾਂ ਕਰਵਾਉਣ ਲਈ 31 ਅਕਤੂਬਰ ਤਕ ਇਹ ਛੋਟ ਦਿੱਤੀ ਗਈ ਹੈ ਕਿ ਰੋਜ਼ ਲੱਗਣ ਵਾਲਾ 18 ਫੀਸਦੀ ਵਿਆਜ ਜ਼ੀਰੋ ਕਰ ਦਿੱਤਾ ਗਿਆ ਹੈ, ਜਦੋਂ ਕਿ ਵੀਹ ਫੀਸਦੀ ਜੁਰਮਾਨਾ ਵੀ 10 ਫੀਸਦੀ ਕਰ ਦਿੱਤਾ ਗਿਆ ਹੈ। ਇਸ ਛੋਟ ਦਾ ਲਾਭ ਲੈਣ ਲਈ ਇੱਕ ਲੱਖ ਲੋਕਾਂ ਨੇ ਜੇ ਤੈਅ ਸਮੇਂ ’ਤੇ ਟੈਕਸ ਜਮਾਂ ਨਾ ਕਰਵਾਇਆ ਤਾਂ 18 ਫੀਸਦੀ ਵਿਆਜ ਤੇ 20 ਫੀਸਦੀ ਜੁਰਮਾਨਾ ਲੱਗਣਾ ਸ਼ੁਰੂ ਹੋ ਜਾਵੇਗਾ। ਇਸ ਦੇ ਨਾਲ ਹੀ ਨਿਗਮ ਵੱਲੋਂ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ ਕਿ 100 ਫੀਸਦੀ ਸਹੀ ਟੈਕਸ ਭਰਿਆ ਜਾਵੇ।

# ਬਠਿੰਡਾ ਥਰਮਲ ਵਾਲੀ ਜ਼ਮੀਨ ਉੱਤੇ ਪੇਡਾ ਸੋਲਰ ਪਲਾਂਟ ਲਾਉਣ ਨੂੰ ਤਿਆਰ



ਚੰਡੀਗੜ੍ਹ, 10 ਸਤੰਬਰ (ਪੋਸਟ ਬਿਊਰੋ)- ਪੰਜਾਬ ਊਰਜਾ ਵਿਕਾਸ ਏਜੰਸੀ (ਪੇਡਾ) ਨੇ ਬਠਿੰਡਾ ਥਰਮਲ ਪਲਾਂਟ ਦੀ ਖਾਲੀ ਪਈ ਜ਼ਮੀਨ ’ਤੇ ਸੋਲਰ ਪਾਵਰ ਪਲਾਂਟ ਲਾਉਣ ਦੀ ਪੇਸ਼ਕਸ਼ ਕੀਤੀ ਹੈ, ਜਿਸ ਨਾਲ ਗੇਂਦ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲ ਚਲੀ ਗਈ ਹੈ। ਥਰਮਲ ਪਲਾਂਟ ਦੀ ਜ਼ਮੀਨ ’ਤੇ ਪੰਜਾਬ ਸਰਕਾਰ ਨੇ ਪਹਿਲਾਂ ਪਰਾਲੀ ਨਾਲ ਯੂਨਿਟ ਚਲਾਉਣ ਅਤੇ ਸੋਲਰ ਪਲਾਂਟ ਦੀ ਯੋਜਨਾ ਨੂੰ ਰੋਕ ਦਿੱਤਾ ਸੀ, ਪਰ ਪੇਡਾ ਨੇ ਫਿਰ ਪਹਿਲ ਕਦਮੀ ਕੀਤੀ ਹੈ, ਜੋ ਪੰਜਾਬ ਸਰਕਾਰ ਲਈ ਸਿਆਸੀ ਪੱਖ ਤੋਂ ਵੀ ਘਾਟੇ ਦਾ ਸੌਦਾ ਨਹੀਂ ਹੈ।

ਇਸ ਬਾਰੇ ਪੇਡਾ ਦੇ ਚੇਅਰਮੈਨ ਐਚ ਐਸ ਹੰਸਪਾਲ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਸਤੰਬਰ ਦੇ ਪਹਿਲੇ ਹਫਤੇ ਪੱਤਰ ਲਿਖ ਕੇ ਬਠਿੰਡਾ ਥਰਮਲ ਪਲਾਂਟ ਦੀ ਸੁਆਹ ਸੰਭਾਲਣ ਵਾਲੀ ਜ਼ਮੀਨ ਉੱਤੇ 100 ਮੈਗਾਵਾਟ ਦਾ ਸੋਲਰ ਪਾਵਰ ਪਲਾਂਟ ਲਾਉਣ ਦੀ ਤਜਵੀਜ਼ ਨੂੰ ਪ੍ਰਵਾਨ ਕਰਨ ਲਈ ਆਖਿਆ ਹੈ। ਇਸ ਪੱਤਰ ਨੇ ਬਠਿੰਡਾ ਵਾਸੀਆਂ ਦੀਆਂ ਆਸਾਂ ਵਧਾ ਦਿੱਤੀਆਂ ਹਨ, ਜਿਹੜੇ ਬਠਿੰਡਾ ਥਰਮਲ ਦੀ ਜ਼ਮੀਨ ਦੀ ਨੀਲਾਮੀ ਨਹੀਂ ਵੇਖਣਾ ਚਾਹੁੰਦੇ। ਪੇਡਾ ਵੱਲੋਂ ਲਿਖੇ ਪੱਤਰ ’ਚ ਕਿਹਾ ਗਿਆ ਹੈ ਕਿ ਪਾਵਰਕਾਮ ਨੇ ਅਕਤੂਬਰ 2018 ਵਿੱਚ ਥਰਮਲ ਪਲਾਟ ਦੀ ਜ਼ਮੀਨ ਵਿੱਚ ਸੋਲਰ ਪਾਵਰ ਪਲਾਂਟ ਲਾਉਣ ਦੀ ਯੋਜਨਾ ਬਣਾਈ ਸੀ। ਓਦੋਂ ਦੇ ਬਿਜਲੀ ਮੰਤਰੀ ਨੇ ਫੈਸਲਾ ਕੀਤਾ ਸੀ ਕਿ ਪੇਡਾ ਇਸ ਪਲਾਂਟ ਦੀ ਬਿਡ ਦਸਤਾਵੇਜ਼ ਤਿਆਰ ਕਰੇਗਾ। ਪੇਡਾ ਨੇ ਸੁਆਹ ਸਟੋਰ ਕਰਨ ਵਾਲੀ ਜਗ੍ਹਾ ਦਾ ਸਰਵੇ ਕੀਤਾ ਸੀ ਅਤੇ ਵਿਸਥਾਰਤ ਰਿਪੋਰਟ ਪਾਵਰਕਾਮ ਨੂੰ ਦੇ ਦਿੱਤੀ ਸੀ। ਇਸ ਦੇ ਬਾਅਦ ਚੇਅਰਮੈਨ ਨੇ ਲਿਖਿਆ ਹੈ ਕਿ ਬਠਿੰਡਾ ਥਰਮਲ ਪਲਾਂਟ ਬੰਦ ਹੋ ਚੁੱਕਾ ਹੈ ਤੇ ਸੁਆਹ ਰੱਖਣ ਵਾਲੀ ਕਰੀਬ 500 ਏਕੜ ਜ਼ਮੀਨ ਖਾਲੀ ਪਈ ਹੈ ਜਿਸ ’ਤੇ ਸੋਲਰ ਪਲਾਂਟ ਆਸਾਨੀ ਨਾਲ ਲਾਇਆ ਜਾ ਸਕਦਾ ਹੈ, ਜਿੱਥੋਂ ਕਲੀਨ ਅਤੇ ਗਰੀਨ ਐਨਰਜੀ ਦੀ ਸਪਲਾਈ ਹੋ ਸਕਦੀ ਹੈ।

ਐੱਚ ਐੱਸ ਹੰਸਪਾਲ ਨੇ ਇਸ ਪੱਤਰ ਵਿੱਚ ਕਿਹਾ ਹੈ ਕਿ ਸੋਲਰ ਪਾਵਰ ਪਲਾਂਟ ਲਾਉਣ ਇਸ ਸੂਬੇ ਵਿੱਚ ਸੋਲਰ ਐਨਰਜੀ ਨੂੰ ਹੁੰਗਾਰਾ ਮਿਲੇਗਾ, ਜਿਸ ਨਾਲ ਬਿਜਲੀ ਸਸਤੀ ਪਵੇਗੀ ਅਤੇ ਅਗਲੇ 25 ਸਾਲਾਂ ਲਈ ਬਿਜਲੀ ਦਰਾਂ ਵੀ ਨਹੀਂ ਵਧਣਗੀਆਂ। ਵਰਨਣ ਯੋਗ ਹੈ ਕਿ ਪਹਿਲੀ ਜਨਵਰੀ 2018 ਨੂੰ ਪੰਜਾਬ ਸਰਕਾਰ ਨੇ ਥਰਮਲ ਬੰਦ ਕਰ ਦਿੱਤਾ ਸੀ ਤੇ ਦੋ ਸਾਲਾਂ ਪਿੱਛੋਂ ਇਸ ਦੀ ਜ਼ਮੀਨ ਨੂੰ ਵਪਾਰਕ ਕਾਰੋਬਾਰ ਲਈ ਵਰਤਣ ਦਾ ਫੈਸਲਾ ਕਰ ਲਿਆ ਸੀ। ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਇਸ ਜ਼ਮੀਨ ’ਤੇ ਸਨਅਤੀ ਪਾਰਕ ਬਣਾਉਣ ਦੀ ਗੱਲ ਕਰਦੇ ਹਨ।

ਕੋਰੋਨਾ ਬਾਰੇ ਅਫਵਾਹਾਂ ਦਾ ਮਾਮਲਾ:

# ਆਸਟਰੀਆ ਵਿੱਚ ਰਹਿੰਦੇ ਪੰਜਾਬੀ ਨੌਜਵਾਨ ਉਤੇ ਕੇਸ ਦਰਜ



ਜਲੰਧਰ, 10 ਸਤੰਬਰ (ਪੋਸਟ ਬਿਊਰੋ)- ਆਸਟਰੀਆ ਦੇ ਵਿਆਨਾ ਵਿੱਚ ਰਹਿਣ ਵਾਲਾ ਜਲੰਦਰ ਜ਼ਿਲੇ ਦੇ ਲੋਹੀਆਂ ਦਾ ਨੌਜਵਾਨ ਫੇਸਬੁਕ ’ਤੇ ਕੋਰੋਨਾ ਦੇ ਨਾਂਅ ਉੱਤੇ ਅੰਗ ਕੱਢ ਕੇ ਵੇਚਣ ਦੀ ਅਫਵਾਹ ਫੈਲਾ ਰਿਹਾ ਸੀ। ਉਸ ਦੇ ਖਿਲਾਫ ਪੁਲਸ ਨੇ ਥਾਣਾ ਲੋਹੀਆਂ ਵਿੱਚ ਕੇਸ ਦਰਜ ਕਰ ਲਿਆ ਹੈ।

ਇਸ ਬਾਰੇ ਲੋਹੀਆਂ ਥਾਣੇ ਦੇ ਸਬ ਇੰਸਪੈਕਟਰ ਸੁਖਦੇਵ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਕਿਸੇ ਨੇ ਸੂਚਨਾ ਦਿੱਤੀ ਕਿ ਫੇਸਬੁਕ ਚੈਕ ਕਰਦੇ ਸਮੇਂ ਉਨ੍ਹਾਂ ਦੇਖਿਆ ਕਿ ਥਾਣਾ ਲੋਹੀਆਂ ਦੇ ਪਿੰਡ ਫੁੱਲ ਦਾ ਵਾਸੀ ਸਤਵਿੰਦਰ ਸਿੰਘ ਉਰਫ ਸੈਮ ਥਿੰਦ ਇਸ ਵੇਲੇ ਆਸਟਰੀਆ ਦੇ ਵਿਆਨਾ ਵਿੱਚ ਰਹਿੰਦਾ ਹੈ ਅਤੇ ਉਸ ਨੇ ਆਪਣੇ ਫੇਸਬੁਕ ਅਕਾਊਂਟ ਵਿੱਚ ਕੋਰੋਨਾ ਦੀ ਮਹਾਮਾਰੀ ਨਾਲ ਸਬੰਧਤ ਪੋਸਟਾਂ ਪਾਈਆਂ ਹਨ। ਉਸ ਨੇ ਪੋਸਟ ਖੋਲ੍ਹ ਕੇ ਦੇਖੀ ਤਾਂ ਸਤਵਿੰਦਰ ਨੇ ਲਿਖਿਆ ਸੀ ਕਿ ਕੋਈ ਕੋਰੋਨਾ ਨਹੀਂ ਹੈ, ਇਹ ਗਰੀਬਾਂ ਨੂੰ ਮਾਰ ਕੇ ਉਨ੍ਹਾਂ ਦੇ ਅੰਗ ਵੇਚ ਦਿੰਦੇ ਹਨ। ਉਸ ਨੇ ਕੋਰੋਨਾ ਦੇ ਬਾਰੇ ਭਰਮਾਊ ਜਾਣਕਾਰੀ ਵਾਲੀਆਂ ਕਈ ਪੋਸਟਾਂ ਪਾਈਆਂ ਸਨ। ਸਬ ਇੰਸਪੈਕਟਰ ਸੁਖਦੇਵ ਸਿੰਘ ਨੇ ਕਿਹਾ ਕਿ ਏਦਾਂ ਦੀਆਂ ਭਰਮਾਊ ਅਫਵਾਹਾਂ ਦੇ ਕਾਰਨ ਲੋਕਾਂ ਵਿੱਚ ਕੋਰੋਨਾ ਵਾਇਰਸ ਨੂੰ ਲੈ ਕੇ ਦਹਿਸ਼ਤ ਫੈਲ ਰਹੀ ਹੈ।





## ਇਸ ਸਾਲ 23 ਵੰਦੇ ਭਾਰਤ ਰੇਲ ਗੱਡੀਆਂ ਲਿਆਉਣੀਆਂ ਸੀ, ਅਜੇ ਤੱਕ ਟੈਂਡਰ ਵੀ ਨਹੀਂ ਹੋਏ




ਨਵੀਂ ਦਿੱਲੀ, 10 ਸਤੰਬਰ (ਪੋਸਟ ਬਿਊਰੋ)- ਭਾਰਤ ਦੀ ਸੈਮੀ ਹਾਈ ਸਪੀਡ ਟਰੇਨ ਵੰਦੇ ਭਾਰਤ ਦੇ 23 ਟਰੇਨ ਸੈੱਟ ਚਲਾਉਣ ਲਈ ਸਾਲ 2020 ਤੱਕ ਸਮਾਂ ਮਿਥਿਆ ਗਿਆ ਸੀ, ਪਰ ਸਾਲ ਮੁੱਕਣ ਉੱਤੇ ਆ ਗਿਆ ਹੈ, ਪਰ ਇਸ ਸਬੰਧੀ ਤਿਆਰੀ ਹੋਣਾ ਤਾਂ ਦੂਰ, ਅਜੇ ਤੱਕ ਟੈਂਡਰ ਹੀ ਫਾਈਨਲ ਨਹੀਂ ਹੋ ਸਕੇ। ਕਿਸੇ ਕਾਰਨ ਰੇਲਵੇ ਨੂੰ ਪਹਿਲਾਂ ਦੋ ਵਾਰ ਟੈਂਡਰ ਕੈਂਸਲ ਕਰਨੇ ਪਏ ਹਨ ਅਤੇ ਤੀਸਰੀ ਵਾਰ ਟੈਂਡਰ ਕੱਢੇ ਜਾਣ ਲੱਗੇ ਹਨ। ਇਸ ਸੰਬੰਧ ਵਿੱਚ ਇੱਕ ਅਧਿਕਾਰੀ ਨੇ ਕਿਹਾ ਕਿ ਟੈਂਡਰ ਤੋਂ ਪਹਿਲਾਂ ਕਈ ਪ੍ਰਕਿਰਿਆ ਪੂਰੀਆਂ ਹੋ ਚੁੱਕੀਆਂ ਹਨ, ਇਸ ਲਈ ਜ਼ਿਆਦਾ ਸਮਾਂ ਨਹੀਂ ਲੱਗੇਗਾ। ਤਿੰਨ ਮਹੀਨੇ ਦੇ ਅੰਦਰ ਦੋਬਾਰਾ ਟੈਂਡਰ ਪ੍ਰਕਿਰਿਆ ਪੂਰੀ ਹੋ ਜਾਏਗੀ ਅਤੇ ਤੈਅ ਸਮੇਂ 2022 ਤੱਕ ਵੰਦੇ ਭਾਰਤ ਤਿਆਰ ਹੋ ਜਾਏਗੀ। ਦੂਸਰੇ ਪਾਸੇ ਜਾਣਕਾਰ ਦੱਸਦੇ ਹਨ ਕਿ ਜੇ ਟੈਂਡਰ ਪ੍ਰਕਿਰਿਆ ਸਮੇਂ ਉੱਤੇ ਪੂਰੀ ਹੋ ਜਾਏਗੀ ਤਾਂ ਵੀ 2022 ਵਿੱਚ ਸਾਰੇ ਟਰੇਨ ਸੈੱਟ ਤਿਆਰ ਕਰਨਾ ਮੁਸ਼ਕਲ ਹੈ, ਜਦ ਕਿ ਪਹਿਲਾਂ ਇਸ ਦਾ ਰਿਕ-ਾਰਡ ਸਮਾਂ 18 ਮਹੀਨੇ ਰੱਖਿਆ ਗਿਆ ਸੀ। ਇਸ ਬਾਰੇ ਰੇਲਵੇ ਬੋਰਡ ਦੇ ਸਾਬਕਾ ਮੈਂਬਰ ਰਾਜੇਸ਼ ਅਗਰਵਾਲ ਦੱਸਦੇ ਹਨ ਕਿ ਉਨ੍ਹਾਂ ਨੇ ਪ੍ਰਧਾਨ ਮੰਤਰੀ ਨੂੰ ਸੁਝਾਅ ਦਿੱਤਾ ਹੈ ਕਿ ਵੰਦੇ ਭਾਰਤ ਬਣਾਉਣ ਲਈ ਟਾਸਕ ਫੋਰਸ ਬਣਾਈ ਜਾਏ, ਤਾਂ ਕਿ ਸਮੇਂ 'ਤੇ ਕੰਮ ਹੋ ਸਕੇ। ਵੰਦੇ ਭਾਰਤ ਵਿੱਚ ਸ਼ੁਰੂ ਤੋਂ ਕੋਈ ਨਾ ਕੋਈ ਅੜਚਨ ਆ ਰਹੀ ਹੈ। ਪਿਛਲੇ ਸਾਲ ਅਖੀਰ ਵਿੱਚ ਐਨਰਜੀ ਸੇਵਿੰਗ ਅਤੇ ਕੁਝ ਹੋਰ ਤਕਨੀਕੀ ਸੁਧਾਰ ਦਾ ਹਵਾਲਾ ਦੇ ਕੇ ਟੈਂਡਰ ਕੈਂਸਲ ਕਰ ਦਿੱਤੇ ਗਏ ਅਤੇ ਫਰਵਰੀ 20 ਵਿੱਚ ਦੋਬਾਰਾ 44 ਵੰਦੇ ਭਾਰਤ ਦੇ ਟੈਂਡਰ ਕੱਢੇ ਗਏ। ਇਨ੍ਹਾਂ ਨੂੰ 2022 ਤੱਕ ਤਿਆਰ ਕਰਨਾ ਸੀ। ਰੇਲਵੇ ਬੋਰਡ ਨੇ ਫਿਰ ਟੈਂਡਰ ਕੈਂਸਲ ਕਰ ਦਿੱਤੇ। ਇਸ ਵਾਰ ਟੈਕਨੀਕਲ ਬਿਡ ਵਿੱਚ ਕੰਪਨੀਆਂ ਨੇ ਗਲਤ ਲਾਗਤ ਲਿਖ ਦਿੱਤੀ ਸੀ।

ਮੋਦੀ ਦੀ ਬੰਦ ਮੁੱਠੀ

## 9 ਟ੍ਰਾਂਜੈਕਸ਼ਨਾਂ ਦੇ ਕਾਰਨ ਫੜਿਆ ਗਿਆ ਬੈਂਕ ਅਧਿਕਾਰੀ ਦਾ ਪਤੀ ਦੀਪਕ ਕੋਚਰ



ਨਵੀਂ ਦਿੱਲੀ, 10 ਸਤੰਬਰ (ਪੋਸਟ ਬਿਊਰੋ)- ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਦੀ ਨਜ਼ਰ ਦੀਪਕ ਕੋਚਰ ਦੇ ਮੁੰਬਈ ਦੇ ਤਿੰਨ ਬੈਂਕ ਖਾਤਿਆਂ ਦੀਆਂ 9 ਟ੍ਰਾਂਜੈਕਸ਼ਨਾਂ 'ਤੇ ਹੈ। ਇਨ੍ਹਾਂ ਟ੍ਰਾਂਜੈਕਸ਼ਨਾਂ ਦੀ ਕੁਲ ਰਕਮ 8 ਕਰੋੜ ਰੁਪਏ ਹੈ। ਇਸ ਕੇਸ ਨਾਲ ਜੁੜੇ ਦੋ ਲੋਕਾਂ ਦੇ ਮੁਤਾਬਕ ਇਨ੍ਹਾਂ 9 ਟ੍ਰਾਂਜੈਕਸ਼ਨਾਂ 'ਚੋਂ ਦੋ ਅਜਿਹੀਆਂ ਹਨ, ਜਿਨਾਂ 'ਚ ਦੀਪਕ ਕੋਚਰ ਨੂੰ ਉਨ੍ਹਾਂ ਦੀ ਪਤਨੀ ਚੰਦਾ ਕੋਚਰ ਅਤੇ ਚੰਦਾ ਦੀ ਭੈਣ ਤੋਂ ਪੈਸੇ ਮਿਲੇ ਸਨ।

ਦੀਪਕ ਕੋਚਰ ਦੀ ਗ੍ਰਿਫ਼ਤਾਰੀ ਤੋਂ ਪਹਿਲਾਂ ਈ ਡੀ ਨੇ ਉਨ੍ਹਾਂ ਨੂੰ 9 ਟ੍ਰਾਂਜੈਕਸ਼ਨਾਂ ਦੀ ਸਫ਼ਾਈ ਦੇਣ ਨੂੰ ਵੀ ਕਿਹਾ ਸੀ। ਇਸ ਤੋਂ ਲਗਦਾ ਹੈ ਕਿ ਇਨ੍ਹਾਂ 9 ਟ੍ਰਾਂਜੈਕਸ਼ਨਾਂ ਦੇ ਕਾਰਨ ਹੀ ਇਹ ਗ੍ਰਿਫ਼ਤਾਰੀ ਹੋਈ ਹੈ। ਇਨ੍ਹਾਂ 9 ਟ੍ਰਾਂਜੈਕਸ਼ਨਾਂ ਵਿੱਚ 22 ਕਰੋੜ ਰੁਪਏ 19 ਨਵੰਬਰ 2010 ਨੂੰ ਚੰਦਾ ਕੋਚਰ ਤੋਂ ਉਨ੍ਹਾਂ ਨੂੰ ਮਿਲੇ ਸਨ। ਇਹ ਪੈਸੇ 23 ਨਵੰਬਰ 2010 ਨੂੰ ਸੀ ਐਲ ਟਰੱਸਟ ਅਸਟੇਟ ਜੇ ਵੀ ਨੂੰ ਟਰਾਂਸਫਰ ਕੀਤੇ ਗਏ। ਇੱਕ ਹੋਰ ਟ੍ਰਾਂਜੈਕਸ਼ਨ 1.4 ਕਰੋੜ ਰੁਪਏ ਦੀ ਹੈ, ਜੋ ਚੰਦਾ ਕੋਚਰ ਦੀ ਭੈਣ ਨੇ 14 ਜਨਵਰੀ 2016 ਨੂੰ ਦਿੱਤੇ ਸਨ। ਇਹ ਦੋਵੇਂ ਟ੍ਰਾਂਜੈਕਸ਼ਨ ਦੀਪਕ ਕੋਚਰ ਦੇ ਮੁੰਬਈ ਦੇ ਐਚ ਡੀ ਐਫ ਸੀ ਬੈਂਕ ਖਾਤੇ 'ਚ ਹੋਈਆਂ ਸਨ। ਇਨ੍ਹਾਂ ਤੋਂ ਇਲਾਵਾ ਮੁੰਬਈ ਦੇ ਐਚ ਡੀ ਐਫ ਸੀ ਬੈਂਕ ਖਾਤੇ 'ਚ ਹੀ ਡੇਜ਼ੀ ਫਿਨਵੈਸਟ ਪ੍ਰਾਈਵੇਟ ਲਿਮਟਿਡ ਤੋਂ 20 ਫਰਵਰੀ 2014 ਨੂੰ ਇੱਕ ਕਰੋੜ ਰੁਪਏ ਆਏ ਸਨ।

ਵਰਨਣ ਯੋਗ ਹੈ ਕਿ ਡੇਜੀ ਫਿਨਵੈਸਟ ਵੀ ਦੀਪਕ ਕੋਚਰ ਦੀ ਪੈਸੀਫਿਕ ਕੈਪੀਟਲ ਦੀ ਇੱਕ ਸਹਾਇਕ ਕੰਪਨੀ ਹੈ। ਇਸ ਤੋਂ ਬਿਨਾ ਬਾਕੀ ਛੇ ਟ੍ਰਾਂਜੈਕਸ਼ਨ ਦੀਪਕ ਕੋਚਰ ਦੀਆਂ ਤਿੰਨ ਸਹਾਇਕ ਕੰਪਨੀਆਂ ਤੋਂ ਮਿਲੇ ਚਾਰ ਕਰੋੜ ਰੁਪਏ ਬਾਰੇ ਹਨ। ਇਹ ਕੰਪਨੀਆਂ ਪੈਸੀਫਿਕ ਕੈਪੀਟਲ ਸਰਵਿਸੇਜ਼ ਪ੍ਰਾਈਵੇਟ ਲਿਮਟਿਡ, ਆਪੇਲ ਪ੍ਰਾਪਰਟੀਜ਼ ਪ੍ਰਾਈਵੇਟ ਲਿਮਟਿਡ ਅਤੇ ਨੂਪਾਵਰ ਰਿਨਿਊਏਬਲਸ ਹਨ। ਇਹ ਟ੍ਰਾਂਜੈਕਸ਼ਨ ਦੀਪਕ ਕੋਚਰ ਦੇ ਮੁੰਬਈ ਦੇ ਆਈ ਸੀ ਆਈ ਬੈਂਕ ਖਾਤੇ ਤੋਂ ਕੀਤੇ ਗਏ ਸਨ, ਜਦੋਂ ਕਿ ਪੈਸੀਫਿਕ ਕੈਪੀਟਲ ਸਰਵਿਸੇਜ਼ ਪ੍ਰਾਈਵੇਟ ਲਿਮਟਿਡ ਤੋਂ ਜੁਲਾਈ 2008 ਵਿੱਚ 65000 ਰੁਪਏ ਪ੍ਰਾਪਤ ਕੀਤੇ ਸਨ, ਉਸਦੀ ਵੀ ਜਾਂਚ ਹੋ ਰਹੀ ਹੈ। ਦੋ ਜੁਲਾਈ 2008 ਨੂੰ ਓਪੇਲ ਪ੍ਰਾਪਰਟੀਜ਼ ਤੋਂ 20 ਲੱਖ ਰੁਪਏ ਮਿਲੇ ਸਨ, ਜਿਸ ਨੂੰ ਚਾਰ ਜੁਲਾਈ 2008 ਨੂੰ ਨੂਪਾਵਰ ਨੂੰ ਟ੍ਰਾਂਸਫਰ ਕੀਤਾ ਗਿਆ, ਇਸ ਦੀ ਵੀ ਜਾਂਚ ਚੱਲ ਰਹੀ ਹੈ।

ਇਸ ਤੋਂ ਇਲਾਵਾ ਦੀਪਕ ਕੋਚਰ ਦੇ ਮੁੰਬਈ ਦੇ ਡੀ ਐਸ ਬੀ ਬੈਂਕ ਤੋਂ ਕੁਝ ਬੈਂਕ ਟ੍ਰਾਂਜੈਕਸ਼ਨ ਹੋਈਆਂ ਸਨ। ਇਨ੍ਹਾਂ 'ਚ 40 ਲੱਖ ਰੁਪਏ ਜੂਨ 2009 'ਚ ਓਪੇਲ ਪ੍ਰਾਪਰਟੀਜ਼ ਤੋਂ ਮਿਲੇ ਸਨ, ਜਿਸ 'ਚੋਂ 39 ਲੱਖ ਰੁਪਏ 27 ਜੂਨ 2009 ਨੂੰ ਨੂਪਾਵਰ ਨੂੰ ਟਰਾਂਸਫਰ ਕੀਤੇ ਗਏ ਸਨ। ਓਪੇਲ ਪ੍ਰਾਪਰਟੀਜ਼ ਤੋਂ ਜਨਵਰੀ 2010 'ਚ ਮਿਲੇ 75000 ਰੁਪਈਆਂ 'ਤੇ ਵੀ ਸਫਾਈ ਮੰਗੀ ਜਾ ਰਹੀ ਹੈ। ਮਾਰਚ 2010 'ਚ ਓਪੇਲ ਪ੍ਰਾਪਰਟੀਜ਼ ਤੋਂ ਦੋ ਕਰੋੜ ਰੁਪਏ ਮਿਲੇ ਅਤੇ ਉਸ ਦਿਨ ਉਨ੍ਹਾਂ ਪੈਸਿਆਂ ਨੂੰ ਨੂਪਾਵਰ ਨੂੰ ਟਰਾਂਸਫਰ ਕਰ ਦਿੱਤਾ ਗਿਆ, ਇਸ ਦੀ ਵੀ ਜਾਂਚ ਹੋ ਰਹੀ ਹੈ। ਇੰਨਾ ਹੀ ਨਹੀਂ ਮਾਰਚ 2010 'ਚ ਹੀ ਓਪੇਲ ਪ੍ਰਾਪਰਟੀਜ਼ ਨੂੰ 40 ਲੱਖ ਰੁਪਏ ਟਰਾਂਸਫਰ ਕੀਤੇ ਗਏ ਸਨ, ਉਸ 'ਤੇ ਸਫਾਈ ਮੰਗੀ ਗਈ ਹੈ।

## ਸ਼ਾਇਰ ਮੁਨੱਵਰ ਰਾਣਾ ਅਤੇ ਉਸ ਦੀ ਧੀ ਦੇ ਘਰਾਂ ਮੂਹਰੇ ਪੁਲਸ ਪਹਿਰੇ ਲਾਏ ਗਏ



ਲਖਨਊ, 10 ਸਤੰਬਰ (ਪੋਸਟ ਬਿਊਰੋ)- ਭਾਰਤ ਦੇ ਉਘੇ ਸ਼ਾਇਰ ਮੁਨੱਵਰ ਰਾਣਾ ਦੀ ਧੀ ਸੁਮੱਈਆ ਰਾਣਾ ਨੇ ਦਾਅਵਾ ਕੀਤਾ ਹੈ ਕਿ ਉਸ ਨੂੰ ਸੋਮਵਾਰ ਸ਼ਾਮ ਤੋਂ ਘਰ 'ਚ ਨਜ਼ਰਬੰਦ ਕੀਤਾ ਗਿਆ ਹੈ।

ਸੁਮੱਈਆ ਨੇ ਇੱਕ ਖਬਰ ਏਜੰਸੀ ਨੂੰ ਦੱਸਿਆ ਕਿ ਕੈਸਰ ਬਾਗ ਇਲਾਕੇ 'ਚ ਉਸ ਦੇ ਘਰ ਦੇ ਬਾਹਰ ਪੁਲਸ ਬੈਠੀ ਹੈ ਅਤੇ ਉਸ ਨੂੰ ਘਰੋਂ ਬਾਹਰ ਪੁਲਸ ਵਲੋਂ ਨਹੀਂ ਜਾਣ ਦਿੱਤਾ ਜਾ ਰਿਹਾ। ਸੁਮੱਈਆ ਮੁਤਾ-ਬਕ ਇਹ ਉਸ ਦੇ ਅਧਿਕਾਰਾਂ ਦਾ ਘਾਣ ਹੈ। ਉਸ ਨੇ ਦਾਅਵਾ ਕੀਤਾ ਕਿ ਉਸ ਦੇ ਪਿਤਾ ਮੁਨੱਵਰ ਰਾਣਾ ਦੇ ਘਰ ਦੇ ਬਾਹਰ ਵੀ ਪੁਲਸ ਤੈਨਾਤ ਹੈ।

ਵਰਨਣ ਯੋਗ ਹੈ ਕਿ ਸੁਮੱਈਆ ਨੇ ਕੋਰੋਨਾ ਦੀ ਮਹਾਮਾਰੀ ਨਾਲ ਨਜਿੱਠਣ ਵਿੱਚ ਸਰਕਾਰ ਦੇ ਨਾਕਾਮ ਰਹਿਣ 'ਤੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਅਦਿਤਿਆ ਨਾਥ ਦੀ ਰਿਹਾਇਸ਼ ਨੇੜੇ ਪ੍ਰਦਰਸ਼ਨ ਕਰਨਾ ਸੀ। ਉਸ ਨੇ ਕਿਹਾ ਕਿ ਉਸ ਨੂੰ ਕੱਲ੍ਹ ਨੋਟਿਸ ਮਿਲਿਆ ਸੀ ਕਿ ਕੋਰੋਨਾ ਵਾਇਰਸ ਕਾਰਨ ਪ੍ਰਦਰਸ਼ਨ ਕਰਨ 'ਤੇ ਪਾਬੰਦੀ ਹੈ ਤੇ ਹਜ਼ਰਤ ਗੰਜ ਤੇ ਗੌਤਮ ਪੱਲੀ ਇਲਾਕਿਆਂ 'ਚ ਹਾਈ ਕੋਰਟ ਨੇ ਪ੍ਰਦਰਸ਼ਨਾਂ 'ਤੇ ਰੋਕ ਲਾਈ ਹੋਈ ਹੈ। ਨਾਗਰਿਕਤਾ ਸੋਧ ਕਾਨੂੰਨ ਖਿਲਾਫ ਪ੍ਰਦਰਸ਼ਨਾਂ ਦੌਰਾਨ ਆਪਣੀ ਭੈਣ ਉਜ਼ਮਾ ਪਰਵੀਨ ਨਾਲ ਦਿੱਲੀ 'ਚ ਅਹਿਮ ਭੂਮਿਕਾ ਨਿਭਾਉਣ ਵਾਲੀ ਸੁਮੱਈਆ ਨੇ ਕਿਹਾ ਕਿ ਸ਼ਾਂਤੀ ਪੂਰਨ ਪ੍ਰਦਰਸ਼ਨ ਅਤੇ ਸਰਕਾਰ ਦੀ ਨਾਕਾਮੀ ਖਿਲਾਫ ਬੋਲਣਾ ਲੋਕਾਂ ਦਾ ਹੱਕ ਹੈ। ਕੈਸਰ ਬਾਗ ਦੇ ਐਸ ਐਚ ਓ ਦਿਨਾਂਤ ਮਿਸ਼ਰਾ ਨੇ ਨਜ਼ਰ ਬੰਦੀ ਦੇ ਦੋਸ਼ਾਂ ਨੂੰ ਨਕਾਰਦਿਆਂ ਕਿਹਾ ਕਿ ਕਿਸੇ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਗਈ।

## ਭਾਰਤ ਵਿੱਚ ਕੋਰੋਨਾ ਲਈ 'ਰੈਡਾਯਕਸ' ਦਵਾਈ ਲਾਂਚ ਕੀਤੀ ਗਈ

ਹੈਦਰਾਬਾਦ, 10 ਸਤੰਬਰ (ਪੋਸਟ ਬਿਊਰੋ)- ਭਾਰਤ 'ਚ ਕੋਰੋਨਾ ਦੇ ਵੱਧਦੇ ਕੇਸਾਂ ਨੇ ਸਰਕਾਰ ਦੀ ਚਿੰਤਾ ਵਧਾ ਦਿੱਤੀ ਹੈ ਪਰ ਇਸ ਦੌਰਾਨ ਦਵਾਈਆਂ ਤਿਆਰ ਕਰਨ ਵਾਲੀ ਕੰਪਨੀ ਡਾ. ਰੈਡੀਜ ਲੈਬੋਰਟਰੀਜ਼ ਲਿਮਟਿਡ ਨੇ ਭਾਰਤ 'ਚ ਕੋਵਿਡ-19 ਦੇ ਮਰੀਜ਼ਾਂ ਦੇ ਇਲਾਜ ਲਈ ਰੈਮਡੇਸਿਵਰ ਦਵਾਈ ਨੂੰ ਬਾਜ਼ਾਰ 'ਚ ਜਾਰੀ ਕਰਨ ਦਾ ਐਲਾਨ ਕੀਤਾ ਹੈ। ਇਹ ਦਵਾਈ 'ਰੈਡਾਯਕਸ' ਬ੍ਰਾਂਡ ਨਾਂਅ ਦੇ ਤਹਿਤ ਉਪਲੱਬਧ ਹੋਵੇਗੀ। ਇਸ ਦਵਾਈ ਕੰਪਨੀ ਵੱਲੋਂ ਜਾਰੀ ਪ੍ਰੈਸ ਬਿਆਨ 'ਚ ਕਿਹਾ ਗਿਆ ਹੈ ਕਿ ਇਹ ਦਵਾਈ ਗਿਲੀਡ ਸਾਇਸਿਜ਼ ਇੰਕ (ਗਿਲੀਡ) ਦੇ ਨਾਲ ਲਾਈਸੰਸ ਵਿਵਸਥਾ ਹੇਠ ਜਾਰੀ ਕੀਤੀ ਗਈ ਹੈ। ਗਿਲੀਡ ਨੇ ਡਾ. ਰੈਡੀਜ ਲੈਬ ਨੂੰ ਰੈਮਡੇਸਿਵਰ ਦੀ ਰਜਿਸਟ੍ਰੇਸ਼ਨ, ਉਤਪਾਦਨ ਤੇ ਵਿਕਰੀ ਦਾ ਅਧਿਕਾਰ ਦਿੱਤਾ ਹੈ। ਭਾਰਤ ਦੇ ਡੀ ਸੀ ਜੀ ਆਈ ਨੇ ਰੈਮਡੇਸਿਵਰ ਦੀ ਵਰਤੋਂ ਭਾਰਤ 'ਚ ਕੋਵਿਡ-19 ਦੇ ਗੰਭੀਰ ਲੱਛਣਾਂ ਵਾਲੇ ਹਸਪਤਾਲ 'ਚ ਦਾਖ਼ਲ ਮਰੀਜ਼ਾਂ 'ਤੇ ਐਮਰਜੈਂਸੀ 'ਚ ਵਰਤੋਂ ਦੀ ਖੁੱਲ੍ਹ ਦਿੱਤੀ ਹੈ। ਕੰਪਨੀ ਮੁਤਾਬਕ ਡਾ. ਰੇਡੀਜ ਦੀ ਰੈਡਾਯਕਸ 100 ਮਿਲੀਗ੍ਰਾਮ ਦੀ ਛੋਟੀ ਸ਼ੀਸ਼ੀ 'ਚ ਉਪਲੱਬਧ ਹੋਵੇਗੀ।

## ਜੀ ਐਸ ਟੀ ਜਾਂਚ ਦੌਰਾਨ 25000 ਕਰੋੜ ਦੀ ਹੇਰਾ ਫੇਰੀ ਫੜੀ




ਨਵੀਂ ਦਿੱਲੀ, 10 ਸਤੰਬਰ (ਪੋਸਟ ਬਿਊਰੋ)- ਜੀ ਐਸ ਟੀ ਰਿਫੰਡ ਦੇ ਨਾਂਅ 'ਤੇ ਭਾਰਤ ਵਿੱਚ ਵੱਡੇ ਘਪਲੇ ਕੀਤੇ ਜਾ ਰਹੇ ਹਨ। ਏਸੇ ਕਊ ਐਕਸਪੋਰਟਰਜ਼ ਤੋਂ ਲੈ ਕੇ ਘਰੇਲੂ ਪੱਧਰ ਦੇ ਵਪਾਰੀਆਂ ਨੂੰ ਅਸਿੱਧੇ ਟੈਕਸ ਅਤੇ ਸਰਹੱਦੀ ਟੈਕਸ ਵਿਭਾਗ (ਸੀ ਬੀ ਆਈ ਸੀ) ਵੱਲੋਂ ਨੋਟਿਸ ਜਾਰੀ ਕਰ ਕੇ ਉਨ੍ਹਾਂ ਨਾਲ ਸਵਾਲ-ਜਵਾਬ ਕੀਤੇ ਜਾ ਰਹੇ ਹਨ।

ਸੀ ਬੀ ਆਈ ਸੀ ਵਿਚਲੇ ਸੂਤਰਾਂ ਮੁਤਾਬਕ ਜੀ ਐਸ ਟੀ ਕੇਸ ਵਿੱਚ ਦੇਸ਼ ਭਰ ਵਿੱਚ ਘੱਟੋ-ਘੱਟ 24-25 ਹਜ਼ਾਰ ਕਰੋੜ ਰੁਪਏ ਦੇ ਘਪਲੇ ਦੀ ਜਾਂਚ ਕੀਤੀ ਜਾ ਰਹੀ ਹੈ। ਇਨ੍ਹਾਂ ਸੂਤਰਾਂ ਮੁਤਾਬਕ ਜਾਂਚ ਪ੍ਰਕਿਰਿਆ ਪੂਰੀ ਹੋ ਚੁੱਕੀ ਹੈ, ਪਰ ਕੋਰੋਨਾ ਦੇ ਸਮੇਂ ਕਾਰਨ ਕਾਰਵਾਈ ਨੂੰ ਟਾਲ ਦਿੱਤਾ ਗਿਆ ਹੈ, ਕਿਉਂਕਿ ਇਸ ਦੌਰਾਨ ਪਹਿਲਾਂ ਹੀ ਜੀ ਐਸ ਟੀ ਕੁਲੈਕਸ਼ਨ ਵਿੱਚ ਗਿਰਾਵਟ ਚੱਲ ਰਹੀ ਹੈ। ਇਸ ਵੇਲੇ ਕਾਰਵਾਈ ਸ਼ੁਰੂ ਹੋਣ 'ਤੇ ਕਾਰੋਬਾਰੀਆਂ ਵਿੱਚ ਉਲਟਾ ਸੰਦੇਸ਼ ਜਾਵੇਗਾ। ਇਸ ਨਾਲ ਕੁਲੈਕਸ਼ਨ ਪ੍ਰਭਾਵਤ ਹੋ ਸਕਦੀ ਹੈ। ਉਂਜ ਜੀ ਐਸ ਟੀ ਦੇ ਨਾਂਅ 'ਤੇ ਹੋਣ ਵਾਲੇ ਘਪਲੇ ਨੂੰ ਰੋਕਣ ਲਈ ਸੀ ਬੀ ਆਈ ਸੀ ਨੇ ਅਗਸਤ ਵਿੱਚ ਜੀ ਐਸ ਟੀ ਰਜਿਸਟਰੇਸ਼ਨ ਲਈ ਆਧਾਰ ਕਾਰਡ ਜ਼ਰੂਰੀ ਕਰ ਦਿੱਤਾ। ਆਧਾਰ ਵੈਰੀਫਿਕੇਸ਼ਨ ਨਾ ਕਰਵਾਉਣ ਵਾਲੇ ਕਾਰੋਬਾਰੀਆਂ ਦੇ ਪਤੇ ਸੀ ਬੀ ਆਈ ਸੀ ਅਧਿਕਾਰੀ ਵੱਲੋਂ ਤਸਦੀਕ ਕਰਨ ਤੋਂ ਬਾਅਦ ਹੀ ਉਨ੍ਹਾਂ ਦੀ ਜੀ ਐਸ ਟੀ ਰਜਿਸਟਰੇਸ਼ਨ ਹੋ ਸਕੇਗੀ।

ਇਸ ਸੰਬੰਧ ਵਿੱਚ ਸੀ ਬੀ ਆਈ ਸੀ ਸੂਤਰਾਂ ਨੇ ਦੱਸਿਆ ਕਿ ਜੀ ਐਸ ਟੀ ਜਾਅਲਸਾਜ਼ੀ ਦੇ ਬਹੁਤੇ ਕੇਸਾਂ ਵਿੱਚ ਜੀ ਐਸ ਟੀ ਦਿੱਤੇ ਬਗੈਰ ਕਾਰੋਬਾਰੀ ਲੋਕ ਇਨਪੁਟ ਕ੍ਰੈਡਿਟ ਕਲੇਮ ਕਰਦੇ ਹਨ। ਅਸਲੀ ਵਿੱਚ ਵਸਤੂ ਦੀ ਵਿਕਰੀ ਨਹੀਂ ਹੋਈ ਹੁੰਦੀ, ਪਰ ਕਾਗਜ਼ਾਂ ਵਿੱਚ ਉਸ ਦੀ ਵਿਕਰੀ ਦਿਖਾਈ ਜਾਂਦੀ ਹੈ। ਇਸ ਕੰਮ ਲਈ ਫਰਜ਼ੀ ਕੰਪਨੀਆਂ ਬਣਾਈਆਂ ਜਾਂਦੀਆਂ ਹਨ। ਜੀ ਐਸ ਟੀ ਕੇਸਾਂ ਦੇ ਮਾਹਰ ਅਤੇ ਚਾਰਟਰਡ ਅਕਾਊਂਟੈਂਟ ਪ੍ਰਵੀਨ ਸ਼ਰਮਾ ਨੇ ਦੱਸਿਆ ਕਿ ਕਈ ਕੇਸ ਅਜਿਹੇ ਹਨ, ਜਿੱਥੇ ਕਾਰੋਬਾਰੀ ਦਾ ਇਨਪੁਟ ਕ੍ਰੈਡਿਟ ਸਰਕਾਰ ਨੂੰ ਮਿਲਦੇ ਜੀ ਐਸ ਟੀ ਤੋਂ ਵਧ ਜਾਂਦਾ ਹੈ। ਮਤਲਬ ਉਲਟਾ ਸਰਕਾਰ ਨੂੰ ਹੀ ਕਾਰੋਬਾਰੀਆਂ ਨੂੰ ਪੈਸੇ ਦੇਣੇ ਪੈਂਦੇ ਹਨ। ਏਸੇ ਲਈ ਅੱਜ ਕੱਲ੍ਹ ਹਰ ਤੀਜੇ ਕਾਰੋਬਾਰੀ ਨੂੰ ਸੀ ਬੀ ਆਈ ਸੀ ਦੇ ਨੋਟਿਸ ਮਿਲ ਰਹੇ ਹਨ, ਜਿਸ ਵਿੱਚ ਉਨ੍ਹਾਂ ਤੋਂ ਇਨਪੁਟ ਕ੍ਰੈਡਿਟ ਦੀ ਸਾਰੀ ਜਾਣਕਾਰੀ ਮੰਗੀ ਜਾ ਰਹੀ ਹੈ।

ਪਤਾ ਲੱਗਾ ਹੈ ਕਿ ਫਰਜ਼ੀ ਕੰਪਨੀਆਂ 'ਚ ਮਾਲ ਸਪਲਾਈ ਦਿਖਾਇਆ ਜਾਂਦਾ ਹੈ। ਅਸਲ ਵਿੱਚ ਮਾਲ ਦੀ ਸਪਲਾਈ ਨਹੀਂ ਕੀਤੀ ਗਈ, ਪਰ ਕਾਗਜ਼ 'ਤੇ ਮਾਲ ਦੀ ਸਪਲਾਈ ਹੋ ਗਈ ਹੁੰਦੀ ਹੈ। ਇਸ ਨਾਲ ਕਾਰੋਬਾਰੀ ਇਨਪੁਟ ਕਰੈਡਿਟ ਦਾ ਦਾਅਵੇਦਾਰ ਹੋ ਜਾਂਦਾ ਹੈ, ਪਰ ਕਾਰੋਬਾਰੀ ਦੀ ਟੈਕਸ ਦੀ ਜ਼ਿੰਮੇਵਾਰੀ ਘਟ ਜਾਂਦੀ ਹੈ। ਸੀ ਬੀ ਆਈ ਸੀ ਸੂਤਰਾਂ ਮੁਤਾਬਕ ਫਰਜ਼ੀ ਕੰਪਨੀਆਂ ਖੋਲ੍ਹਣ ਦਾ ਕੰਮ ਵੱਡਾ ਗੈਂਗ ਕਰਦਾ ਹੈ, ਜੋ ਦੂਜੇ ਦੇ ਆਧਾਰ ਨੰਬਰ ਅਤੇ ਪੈਨ ਨੰਬਰ ਦੀ ਵਰਤੋਂ ਇਸ ਕੰਮ ਲਈ ਕਰਦੇ ਹਨ। ਕਈ ਵਾਰ ਜਾਂਚ 'ਚ ਪਤਾ ਲੱਗਾ ਕਿ ਜਿਸ ਦੇ ਨਾਂਅ 'ਤੇ ਫਰਜ਼ੀ ਕੰਪਨੀ ਤੇ ਫਰਜ਼ੀ ਖਾਤੇ ਚੱਲ ਰਹੇ ਹਨ, ਉਸ ਨੂੰ ਇਸ ਗੋਰਖ ਧੰਦੇ ਦਾ ਪਤਾ ਵੀ ਨਹੀਂ ਹੁੰਦਾ। ਉਸੇ ਫਰਜ਼ੀ ਖਾਤੇ 'ਚ ਸਰਕਾਰ ਤੋਂ ਕਲੇਮ ਲਿਆ ਜਾਂਦਾ ਹੈ। ਜਾਂਚ ਵਿੱਚ ਸੈਂਕੜੇ ਅਜਿਹੀਆਂ ਕੰਪਨੀਆਂ ਦਾ ਖੁਲਾਸਾ ਹੋਇਆ ਹੈ, ਜੋ ਕਿਸੇ ਵੀ ਪਤੇ 'ਤੇ ਨਹੀਂ ਚੱਲਦੀਆਂ। ਜੀ ਐਸ ਟੀ ਰਿਫੰਡ ਦੇ ਮਾਮਲੇ ਵਿੱਚ 7000 ਬਰਾਮਦਕਾਰਾਂ 'ਤੇ ਵੀ ਨਜ਼ਰ ਰੱਖੀ ਜਾ ਰਹੀ ਹੈ। ਇਨ੍ਹਾਂ ਦੀ ਵੀ ਜਾਂਚ ਜਾਰੀ ਹੈ।

## ਭਾਰਤੀ ਖੋਜੀਆਂ ਨੇ ਕੱਚ ਦੇ ਕ੍ਰਿਸਟਲ ਵਿੱਚ ਬਦਲਣ ਦਾ ਭੇਦ ਲੱਭ ਲਿਆ

ਬੇਂਗਲੁਰੂ, 10 ਸਤੰਬਰ (ਪੋਟਸ ਬਿਊਰੋ)- ਭਾਰਤੀ ਖੋਜੀਆਂ ਦੀ ਇੱਕ ਟੀਮ ਨੇ ਕੱਚ ਦੇ ਕ੍ਰਿਸਟਲ ਵਿੱਚ ਤਬਦੀਲ ਹੋਣ ਦੀ ਪ੍ਰਕਿਰਿਆ ਦੇ ਭੇਦਾਂ ਤੋਂ ਪਰਦਾ ਚੁੱਕ ਦਿੱਤਾ ਹੈ, ਜਿਹੜਾ ਪਹਿਲੀ ਵਾਰ ਚੁੱਕਿਆ ਗਿਆ ਹੈ।

ਆਈ ਆਈ ਐਸ ਸੀ (ਭਾਰਤੀ ਵਿਗਿਆਨ ਸੰਸਥਾਨ) ਨੇ ਇੱਕ ਬਿਆਨ ਵਿੱਚ ਕਿਹਾ ਹੈ ਕਿ ਕੱਚ ਦੀ ਕੁਦਰਤੀ 'ਅਕ੍ਰਿਸਟਲੀ ਹੁੰਦੀ ਹੈ ਅਤੇ ਉਸ ਦੇ ਅਣੂ ਇੱਕੋ ਜਿਹੇ ਢਾਂਚੇ ਵਿੱਚ ਵਿਕਸਿਤ ਨਹੀਂ ਹੁੰਦੇ ਜਿਵੇਂ ਕ੍ਰਿਸਟਲ ਪਦਾਰਥਾਂ ਵਿੱਚ ਹੁੰਦਾ ਹੈ। ਸੰਸਥਾ ਨੇ ਕਿਹਾ ਕਿ ਕਦੀ-ਕਦੀ ਡਿਵਿਟ੍ਰਿਫਿਕੇਸ਼ਨ ਦੀ ਪ੍ਰਕਿਰਿਆ ਹੁੰਦੀ ਹੈ, ਜਿਸ ਨਾਲ ਕੱਚ ਕ੍ਰਿਸਟਲ ਵਿੱਚ ਤਬਦੀਲ ਹੋ ਜਾਂਦਾ ਹੈ। ਇਸ ਪ੍ਰਕਿਰਿਆ ਵਿੱਚ ਇਹ ਅਕਸਰ ਬੇਲੋੜਾ ਹੁੰਦਾ ਹੈ। ਆਈ ਆਈ ਐਸ ਸੀ ਨੇ ਕਿਹਾ ਕਿ 'ਡਿਵਿਟ੍ਰਿਫਿਕੇਸ਼ਨ' ਦੀ ਪ੍ਰਕਿਰਿਆ ਨੂੰ ਠੀਕ ਤੋਂ ਸਮਝਿਆ ਨਹੀਂ ਜਾ ਸਕਿਆ ਹੈ ਕਿਉਂਕਿ ਇਹ ਬਹੁਤ ਹੌਲੀ ਹੈ ਅਤੇ ਪ੍ਰਕਿਰਿਆ ਨੂੰ ਪੂਰਾ ਹੋਣ ਵਿੱਚ ਦਹਾਕੇ ਜਾਂ ਇਸ ਤੋਂ ਵੀ ਜ਼ਿਆਦਾ ਸਮਾਂ ਲੱਗਦਾ ਹੈ।

ਜਵਾਹਰ ਲਾਲ ਨਹਿਰੂ ਆਧੁਨਿਕ ਵਿਗਿਆਨ ਖੋਜ ਕੇਂਦਰ ਦੇ ਇੱਕ ਐਸੋਸੀਏਟ ਪ੍ਰੋਫੈਸਰ ਰਾਜੇਸ਼ ਗਣਪਤੀ ਦੀ ਅਗਵਾਈ ਹੇਠ ਇਕ ਟੀਮ ਨੇ ਆਈ ਆਈ ਐਸ ਸੀ ਵਿੱਚ ਪ੍ਰੋਫੈਸਰ ਅਜੈ ਸੂਦ ਨਾਲ ਮਿਲ ਕੇ ਪਹਿਲੀ ਵਾਰ ਪ੍ਰਯੋਗ ਦੇ ਦੌਰਾਨ ਡਿਵਿਟ੍ਰਿਫਿਕੇਸ਼ਨ ਦੀ ਕਲਪਨਾ ਕੀਤੀ। ਸੰਸਥਾ ਨੇ ਦੱਸਿਆ ਕਿ ਖੋਜ ਰਿਪੋਰਟ 'ਨੇਚਰ ਫਿਜਿਕਸ' ਪੱਤਰਿਕਾ ਵਿੱਚ ਛਪੀ ਹੈ। ਇਹ ਪ੍ਰਕਿਰਿਆ 'ਕੋਲਾਈਡਲ' ਕਣ ਤੋਂ ਬਣੇ ਕੱਚ ਤੋਂ ਕੀਤੀ ਗਈ ਹੈ।

ਖੋਜ-ਕਰਤਾ ਦਿਵਿਆ ਗਣਪਤੀ ਨੇ ਦੱਸਿਆ ਕਿ ਕੋਲਾਈਡਲ ਕਣ ਨੂੰ ਅਣੂ ਦਾ ਪ੍ਰਤੀਰੂਪ ਮੰਨਿਆ ਜਾਂਦਾ ਹੈ ਪਰ ਇਹ ਅਣੂ ਤੋਂ ਹਜ਼ਾਰਾਂ ਗੁਣਾ ਵੱਡਾ ਹੁੰਦਾ ਹੈ ਇਸ ਲਈ ਇਸ ਦੀ ਗਤੀਸ਼ੀਲਤਾ ਨੂੰ ਵਾਸਤਵਿਕ ਸਮੇਂ ਵਿੱਚ 'ਆਪਟੀਕਲ ਮਾਈਕ੍ਰੋਸਕੋਪ' ਦੀ ਮਦਦ ਨਾਲ ਦੇਖਿਆ ਜਾ ਸਕਦਾ ਹੈ। ਉਨ੍ਹਾਂ ਨੇ ਕਿਹਾ ਕਿ ਇਸ ਦੇ ਇਲਾਵਾ ਇਸ ਪ੍ਰਕਿਰਿਆ ਨੂੰ ਤੇਜ਼ ਕਰਨ ਲਈ ਅਸੀਂ ਕਣਾਂ ਵਿੱਚਲੇ ਜੋੜ ਵਿੱਚ ਮੋੜ ਪੈਦਾ ਕੀਤਾ ਤਾਂ ਕਿ ਨਰਮ ਹੋ ਜਾਵੇ ਅਤੇ ਕੱਚ ਵਿੱਚ ਪੁਨਰ ਸੁਰਜੀਤੀ ਦੀ ਹਾਲਤ ਅਕਸਰ ਪੈਦਾ ਹੁੰਦੀ ਰਹੇ।

## ਬਾਦਲ ਦਲ ਦੇ ਗੁਰਮੀਤ ਸਿੰਘ ਸ਼ੰਟੀ ਨੇ ਅਸਤੀਫ਼ਾ ਦਿੱਤਾ

ਨਵੀਂ ਦਿੱਲੀ, 10 ਸਤੰਬਰ (ਪੋਸਟ ਬਿਊਰੋ)- ਦਿੱਲੀ ਸਿੱਖ ਗੁਰਦੁਆਰਾ ਕਮੇਟੀ ਦੇ ਸੀਨੀਅਰ ਮੈਂਬਰ ਤੇ ਸਾਬਕਾ ਜਨਰਲ ਸਕੱਤਰ ਗੁਰਮੀਤ ਸਿੰਘ ਸ਼ੰਟੀ ਨੇ ਅਕਾਲੀ ਦਲ ਬਾਦਲ ਤੋਂ ਅਸਤੀਫ਼ਾ ਦੇ ਕੇ ਬਾਦਲਾਂ ਦੇ ਵਿਰੁੱਧ ਖੜੇ ਹੋਣ ਦਾ ਮੁੱਢ ਬੰਨ੍ਹ ਦਿੱਤਾ ਹੈ। ਉਨ੍ਹਾ 2017 ਦੀਆਂ ਦਿੱਲੀ ਗੁਰਦੁਆਰਾ ਚੋਣਾਂ ਆਜ਼ਾਦ ਲੜੀਆਂ ਤੇ ਜੇਤੂ ਰਹੇ ਸਨ। ਦਿੱਲੀ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸੁਖਬੀਰ ਸਿੰਘ ਬਾਦਲ ਨੇ ਉਨ੍ਹਾਂ ਨੂੰ ਸ਼੍ਰੋਮਣੀ ਅਕਾਲੀ ਦਲ ਬਾਦਲ ਵਿੱਚ ਸ਼ਾਮਲ ਕੀਤਾ ਸੀ।

ਗੁਰਮੀਤ ਸਿੰਘ ਸ਼ੰਟੀ ਨੇ ਦਿੱਲੀ ਗੁਰਦੁਆਰਾ ਗੋਲਕ ਵਿੱਚ ਫ਼ੰਡਾਂ ਦੀ ਹੇਰਾ ਫੇਰੀ ਦੇ ਦੋਸ਼ ਹੇਠ ਉਸ ਵੇਲੇ ਦੇ ਕਮੇਟੀ ਪ੍ਰਧਾਨ ਮਨਜੀਤ ਸਿੰਘ ਜੀ ਕੇ ਵਿਰੁੱਧ ਅਦਾਲਤ ਵਿੱਚ ਅਰਜ਼ੀ ਦੇ ਕੇ ਮਨਜੀਤ ਸਿੰਘ ਜੀ ਕੇ ਨੂੰ ਪ੍ਰਧਾਨਗੀ ਤੋਂ ਲਾਹਿਆ ਸੀ। ਦਿੱਲੀ ਦੇ ਸਿੱਖ ਹਲਕਿਆਂ ਵਿੱਚ ਮੰਨਿਆ ਜਾਂਦਾ ਹੈ ਕਿ ਮਨਜੀਤ ਸਿੰਘ ਜੀ ਕੇ ਨੂੰ ਪ੍ਰਧਾਨਗੀ ਤੋਂ ਲਾਹ ਕੇ ਮਨਜਿੰਦਰ ਸਿੰਘ ਸਿਰਸਾ ਲਈ ਪ੍ਰਧਾਨਗੀ ਦਾ ਰਾਹ ਤਿਆਰ ਕਰਨ ਲਈ ਗੁਰਮੀਤ ਸਿੰਘ ਸ਼ੰਟੀ ਅਤੇ ਮਨਜਿੰਦਰ ਸਿੰਘ ਸਿਰਸਾ ਦਾ ਗੁਪਤ ਸਮਝੌਤਾ ਸੀ ਜਿਸ ਕਰ ਕੇ ਸ਼ੰਟੀ ਨੂੰ ਮੋਤੀ ਨਗਰ ਤੋਂ ਵਿਧਾਨ ਸਭਾ ਟਿਕਟ ਦਿਵਾਈ ਜਾਣੀ ਸੀ, ਪਰ ਭਾਜਪਾ ਨਾਲ ਵਿਗੜੇ ਸੰਬੰਧਾਂ ਕਾਰਨ ਸ਼ੰਟੀ ਨੂੰ ਟਿਕਟ ਕੀ ਦਿਵਾਉਣੀ ਸੀ, ਅਕਾਲੀ ਦਲ ਖ਼ੁਦ ਹੀ ਚੋਣ ਮੈਦਾਨ ਤੋਂ ਹਟ ਗਿਆ ਸੀ। ਇਸ ਦੌਰਾਨ ਗੁਰਮੀਤ ਸਿੰਘ ਸ਼ੰਟੀ ਨੇ ਕਿਹਾ, 'ਹਾਂ ਮੈਂ ਬਾਦਲ ਦਲ ਤੋਂ ਅਸਤੀਫ਼ਾ ਦੇ ਦਿੱਤਾ ਹੈ, ਬਾਕੀ ਪ੍ਰਗਟਾਵਾ ਬਾਅਦ ਵਿੱਚ ਕਰਾਂਗਾ।'

## ਰੇਲਵੇ ਵਲੋਂ ਟਿਕਟਿੰਗ ਦੇ ਧੰਦੇ ਦੇ ਦਲਾਲਾਂ ਵਿਰੁੱਧ ਵੱਡਾ ਅਪ੍ਰੇਸ਼ਨ

ਨਵੀਂ ਦਿੱਲੀ, 10 ਸਤੰਬਰ (ਪੋਸਟ ਬਿਊਰੋ)- ਭਾਰਤੀ ਰੇਲਵੇ ਦੇ ਟਿਕਟ ਸਿਸਟਮ ਨੂੰ ਉਲੰਘ ਕੇ ਆਮ ਰੇਲ ਯਾਤਰੀਆਂ ਨੂੰ ਕਰੋੜਾਂ ਰੁਪਏ ਦਾ ਚੂਨਾ ਲਾਉਣ ਵਾਲੇ ਸਾਈਬਰ ਅਪਰਾਧੀਆਂ ਦੇ ਇੱਕ ਵੱਡੇ ਗਿਰੋਹ ਦਾ ਰੇਲਵੇ ਸੁਰੱਖਿਆ ਬਲ (ਆਰ ਪੀ ਐਫ) ਨੇ ਪਰਦਾ ਫਾਸ਼ ਕੀਤਾ ਹੈ, ਜਿਸ ਦੀ ਅੱਗੇ ਪੜਤਾਲ ਚੱਲ ਰਹੀ ਹੈ। ਇਸ ਬਾਰੇ ਰੇਲਵੇ ਪੁਲਸ ਫੋਰਸ ਦੇ ਡਾਇਰੈਕਟਰ ਜਰਨਲ ਅਰੁਣ ਕੁਮਾਰ ਨੇ ਦੱਸਿਆ ਕਿ ਇਸ ਗੈਂਗ ਦੇ ਨਕਲੀ ਸਾਫਟਵੇਅਰ ਵਿੱਚ ਕਈ ਅਜਿਹੇ ਫੀਚਰ ਹਨ, ਜਿਹੜੇ ਰੇਲਵੇ ਕੇਟਰਿੰਗ ਐਂਡ ਟੂਰਿਜ਼ਮ ਕਾਰਪੋਰੇਸ਼ਨ (ਆਈ ਆਰ ਸੀ ਟੀ ਸੀ) ਦਾ ਟਿਕਟ ਸਿਸਟਮ ਫੇਲ ਕਰ ਕੇ ਉਸ ਨੂੰ ਹੈਕ ਕਰ ਰਹੇ ਸਨ, ਪਰ ਪਤਾ ਲੱਗਣ 'ਤੇ ਉਸ ਨੂੰ ਠੀਕ ਕਰ ਕੇ ਠੋਸ ਬਣਾ ਦਿੱਤਾ ਗਿਆ ਹੈ। ਇਸ ਨਕਲੀ ਸਾਫਟਵੇਅਰ ਦੇ ਸਹਾਰੇ ਲੋਕਾਂ ਨੂੰ ਚੂਨਾ ਲਾਉਣ ਵਾਲੇ ਇਨ੍ਹਾਂ ਅਪਰਾਧੀਆਂ ਨੂੰ ਫੜਨ ਲਈ ਆਰ ਪੀ ਐਫ ਨੇ ਦੇਸ਼ ਵਿਆਪੀ ਮੁਹਿੰਮ ਚਲਾਈ ਸੀ। ਮੈਂਗੋ ਰੀਅਲ ਅਤੇ ਮੈਂਗੋ ਸਰ ਨਾਂਅ ਦੇ ਸਾਫਟਵੇਅਰ ਵੇਚਣ ਵਾਲੇ 50 ਠੱਗਾਂ ਨਾਲ ਕੋਰੋਨਾ ਦੇ ਸਮੇਂ ਦੌਰਾਨ ਮਜਬੂਰ ਲੋਕਾਂ ਨੂੰ ਟਰੇਨ ਟਿਕਟਾਂ ਦੀ ਕਾਲਾ ਬਾਜ਼ਾਰੀ ਕਰਨ ਵਾਲੇ 900 ਟਿਕਟ ਦਲਾਲਾਂ ਦੇ ਗੈਂਗ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਅਰੁਣ ਕੁਮਾਰ ਨੇ ਦੱਸਿਆ ਕਿ ਸਾਈਬਰ ਗਿਰੋਹ ਦਾ ਸਰਗਨਾ ਬੰਗਾਲ ਤੋਂ ਗ੍ਰਿਫਤਾਰ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਗੈਂਗ ਨੇ ਆਪਣੇ ਸਾਫਟਵੇਅਰ ਦੇ ਰਾਹੀਂ 9.92 ਕਰੋੜ ਰੁਪਏ ਮੁੱਲ ਦੀਆਂ ਟਿਕਟਾਂ ਬੁੱਕ ਕੀਤੀਆਂ ਸਨ। ਇਸ ਦੌਰਾਨ 31 ਅਗਸਤ ਤੱਕ ਆਰ ਪੀ ਐਫ ਨੇ ਜਾਂਚ ਮੁਹਿੰਮ ਦੌਰਾਨ ਕੁੱਲ 994 ਦਲਾਲਾਂ ਨੂੰ ਫੜਿਆ, ਜਿਸ ਵਿੱਚ 239 ਰੇਲਵੇ ਏਜੰਟ ਵੀ ਸ਼ਾਮਲ ਸਨ। ਇਹ ਸਾਫਟਵੇਅਰ ਚਲਾਉਣ ਵਾਲੇ ਗਿਰੋਹ ਦਾ ਪਹਿਲਾ ਸੁਰਾਗ ਪ੍ਰਤਾਪ ਗੜ੍ਹ ਦੇ ਪੰਕਜ ਪਰਜਾਪਤੀ ਨੂੰ ਮਿਲਿਆ, ਜਿੱਥੋਂ ਬੰਗਾਲ ਦੇ ਰੇਹਾਨ ਖਾਨ ਅਤੇ ਸੂਰਤ ਦੇ ਇੱਕ ਵਿਅਕਤੀ ਦਾ ਪਤਾ ਲੱਗਾ। ਦੂਸਰਾ ਨਾਂਅ ਮਟਿਆਰ ਖਾਨ ਦਾ ਸੁਰਾਗ ਯੂ-ਟਿਊਬ ਤੋਂ ਮਿਲਿਆ, ਜਿਸ ਤੋਂ ਬਾਅਦ ਸ਼ਮਸ਼ੇਰ ਅੰਸਾਰੀ ਕਾਬੂ ਆਇਆ। ਗਿਰੋਹ ਦੇ ਦਲਾਲ ਸਾਫਟਵੇਅਰ ਵੇਚਦੇ ਸਨ, ਪਰ ਪੁਲਸ ਦੀਆਂ ਅੱਖਾਂ ਵਿੱਚ ਧੂੜ ਪਾਉਣ ਦੇ ਲਈ ਪੈਸੇ ਦਾ ਲੈਣ-ਦੇਣ ਕ੍ਰਿਪਟੋ ਕਰੰਸੀ ਵਿੱਚ ਕਰਦੇ ਸਨ।

jobs! jobs! jobs! jobs! jobs!

DUNDAS·JAFINE

HELP WANTED

ਕਾਮਿਆਂ ਦੀ ਲੋੜ

ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

ਵੱਡਾ ਅਫਸਰ ਵੱਡਾ ਹੱਥ ਮਾਰਦਾ ਕਾਬੂ :

## ਕਿਸਾਨ ਤੋਂ ਪੰਜ ਏਕੜ ਜ਼ਮੀਨ, ਚਾਲੀ ਲੱਖ ਰੁਪਏ ਨਕਦੀ ਲੈਂਦਾ ਫੜਿਆ ਗਿਆ



ਹੈਦਰਾਬਾਦ, 10 ਸਤੰਬਰ (ਪੋਸਟ ਬਿਊਰੋ)- ਤੇਲੰਗਾਨਾ ਵਿੱਚ ਐਂਟੀ ਕੁਰੱਪਸ਼ਨ ਬਿਊਰੋ ਨੇ ਕੱਲ੍ਹ ਇੱਕ ਸਰਕਾਰੀ ਅਫਸਰ ਨੂੰ ਇੱਕ ਵੱਡੇ ਕਿਸਾਨ ਤੋਂ 1 ਕਰੋੜ 12 ਲੱਖ ਰਿਸ਼ਵਤ ਲੈਂਦੇ ਰੰਗੇ ਹੱਥੀਂ ਗ੍ਰਿਫਤਾਰ ਕੀਤਾ ਹੈ।

ਏ ਸੀ ਬੀ ਦੇ ਅਧਿਕਾਰੀ ਦੇ ਦੱਸਣ ਮੁਤਾਬਕ ਜ਼ਿਲਾ ਮੇਡਕ ਦੇ ਐਡੀਸ਼ਨਲ ਕੁਲੈਕਟਰ ਗਡੁਮ ਨਾਗੇਸ਼ੇ ਨੇ ਇੱਕ ਕਿਸਾਨ ਤੋਂ ਨਰਸਾਪੁਰ ਡਵੀਜ਼ਨ ਦੇ ਚਿੱਪਲਤੁਰਥੀ ਪਿੰਡ ਵਿੱਚ ਉਸ ਦੀ 112 ਏਕੜ ਜ਼ਮੀਨ ਦੇ ਲਈ ਨੋ-ਆਬਜੈਕਸ਼ਨ ਸਰਟੀਫਿਕੇਟ ਦੇਣ ਦੇ ਬਦਲੇ ਇੱਕ ਲੱਖ ਰੁਪਏ ਪ੍ਰਤੀ ਏਕੜ ਦੇ ਹਿਸਾਬ ਇੱਕ ਕਰੋੜ 12 ਲੱਖ ਰੁਪਏ ਦੀ ਰਿਸ਼ਵਤ ਮੰਗੀ ਸੀ। ਇਸ ਵਿੱਚ ਚਾਲੀ ਲੱਖ ਰੁਪਏ ਨਕਦੀ ਅਤੇ ਬਾਕੀ 72 ਲੱਖ ਰੁਪਏ ਦੇ ਬਦਲੇ ਪੰਜ ਏਕੜ ਜ਼ਮੀਨ ਦੇ ਕਾਗਜ਼ ਦੇਣ ਦੀ ਡੀਲ ਤੈਅ ਹੋਈ ਸੀ। ਏ ਸੀ ਬੀ ਦੇ ਅਧਿਕਾਰੀਆਂ ਨੇ ਜਾਲ ਵਿਛਾਇਆ ਤੇ ਅਧਿਕਾਰੀ ਨੂੰ ਰਿਸ਼ਵਤ ਦੀ ਰਕਮ ਲੈਂਦੇ ਫੜ ਲਿਆ। ਏ ਸੀ ਬੀ ਦੇ ਡਿਪਟੀ ਸੁਪਰਡੈਂਟ ਸੰਗਾਰੈਡੀ ਸੂਰਿਆ ਨਾਰ-ਾਇਣਨ ਨੇ ਦੱਸਿਆ ਕਿ ਐਡੀਸ਼ਨਲ ਕੁਲੈਕਟਰ ਦੀ ਰਿਹਾਇਸ਼ ਸਮੇਤ 11 ਹੋਰਨਾਂ ਟਿਕਾਣਿਆਂ 'ਤੇ ਤਲਾਸ਼ੀ ਵਿੱਚ ਵੱਡੀ ਮਾਤਰਾ ਵਿੱਚ ਸਰਚਿੰਗ ਵਿੱਚ ਦਸਤਾਵੇਜ਼ ਅਤੇ ਹੋਰ ਸਮੱਗਰੀ ਜ਼ਬਤ ਕੀਤੀ ਗਈ ਹੈ।

ਪਿਛਲੇ ਮਹੀਨੇ ਹੈਦਰਾਬਾਦ ਦੇ ਕੋਲ ਕੀਸਾਰਾ ਡਵੀਜ਼ਨ ਵਿੱਚ ਇੱਕ ਤਹਿਸੀਲਦਾਰ ਨੂੰ ਵੀ ਇੱਕ ਰੀਅਲ ਅਸਟੇਟ ਡੀਲਰ ਤੋਂ ਇੱਕ ਕਰੋੜ 10 ਲੱਖ ਦੀ ਰਿਸ਼ਵਤ ਲੈਂਦੇ ਗ੍ਰਿਫਤਾਰ ਕੀਤਾ ਗਿਆ ਸੀ।

## ਮੌਜੂਦਾ ਅਤੇ ਸਾਬਕਾ ਚੁਣੇ ਹੋਏ ਆਗੂਆਂ ਦੇ ਖਿਲਾਫ 4442 ਕੇਸ ਬਕਾਇਆ

ਨਵੀਂ ਦਿੱਲੀ, 10 ਸਤੰਬਰ (ਪੋਸਟ ਬਿਊਰੋ)- ਭਾਰਤ ਦੀਆਂ ਹਾਈ ਕੋਰਟਾਂ ਵੱਲੋਂ ਸੁਪਰੀਮ ਕੋਰਟ ਨੂੰ ਦਿੱਤੇ ਅੰਕੜਿਆਂ ਦੇ ਮੁਤਾਬਕ ਵੱਖ-ਵੱਖ ਅਦਾਲਤਾਂ ਵਿੱਚ ਮੌਜੂਦਾ ਅਤੇ ਸਾਬਕਾ ਪਾਰਲੀਮੈਂਟ ਮੈਂਬਰਾਂ ਅਤੇ ਵਿਧਾਇਕਾਂ ਦੇ ਖਿਲਾਫ 4442 ਕੇਸ ਚੱਲ ਰਹੇ ਹਨ। ਵਿਸ਼ੇਸ਼ ਅਦਾਲਤਾਂ ਵਿੱਚ ਚੱਲਦੇ ਮੁਕੱਦਮੇ ਵੀ ਇਸ ਵਿੱਚ ਸ਼ਾਮਲ ਹਨ। 2556 ਕੇਸਾਂ ਵਿੱਚ ਮੌਜੂਦਾ ਵਿਧਾਇਕ ਅਤੇ ਪਾਰਲੀਮੈਂਟ ਮੈਂਬਰ ਦੋਸ਼ੀ ਵੀ ਕਰਾਰ ਦਿਤੇ ਜਾ ਚੁਕੇ ਹਨ।

ਸੁਪਰੀਮ ਕੋਰਟ ਨੇ ਭਾਜਪਾ ਆਗੂ ਅਤੇ ਵਕੀਲ ਅਸ਼ਵਨੀ ਉਪਾਧਿਆਏ ਵੱਲੋਂ ਦਾਇਰ ਲੋਕ ਹਿੱਤ ਪਟੀਸ਼ਨ ਉੱਤੇ ਇੱਕ ਹੁਕਮ ਪਾਸ ਕੀਤਾ ਸੀ, ਜਿਸ ਪਿੱਛੋਂ ਇਹ ਰਿਪੋਰਟ ਦਿੱਤੀ ਗਈ ਹੈ। ਪਟੀਸ਼ਨ ਵਿੱਚ ਸੁਪਰੀਮ ਕੋਰਟ ਤੋਂ ਮੰਗ ਕੀਤੀ ਗਈ ਸੀ ਕਿ ਅਪਰਾਧਕ ਕੇਸਾਂ ਦੀ ਜਲਦੀ ਸੁਣਵਾਈ ਯਕੀਨੀ ਕਰਨ ਲਈ ਹੁਕਮ ਦਿੱਤੇ ਜਾਣ। 413 ਕੇਸ ਅਜਿਹੇ ਹਨ ਜਿਨਾਂ ਵਿੱਚ ਉਮਰ ਕੈਦ ਤੱਕ ਦੀ ਸਜ਼ਾ ਹੋ ਸਕਦੀ ਹੈ। ਇਸ ਤਰ੍ਹਾਂ ਦੇ 174 ਕੇਸਾਂ ਵਿੱਚ ਮੌਜੂਦਾ ਪਾਰਲੀਮੈਂਟ ਮੈਂਬਰ ਅਤੇ ਵਿਧਾਇਕ ਦੋਸ਼ੀ ਹਨ। ਇੱਕ ਐਫੀਡੇਵਿਟ ਵਿੱਚ ਦੱਸਿਆ ਗਿਆ ਹੈ ਕਿ 352 ਕੇਸਾਂ ਵਿੱਚ ਸੁਣਵਾਈ 'ਤੇ ਹਾਈ ਕੋਰਟ ਜਾਂ ਸੁਪਰੀਮ ਕੋਰਟ ਨੇ ਰੋਕ ਲਾਈ ਹੋਈ ਹੈ। ਉਤਰ ਪ੍ਰਦੇਸ਼ ਵਿੱਚ ਸਭ ਤੋਂ ਵੱਧ 1217 ਕੇਸ ਚੱਲ ਰਹੇ ਹਨ। 446 ਕੇਸਾਂ ਵਿੱਚ ਮੌਜੂਦਾ ਵਿਧਾਇਕ ਅਤੇ ਪਾਰਲੀਮੈਂਟ ਮੈਂਬਰ ਦੋਸ਼ੀ ਹਨ। ਇਸ ਪਿੱਛੋਂ ਬਿਹਾਰ (531 ਕੇਸ), ਤਾਮਿਲ ਨਾਡੂ (324 ਕੇਸ), ਮਹਾਰਾਸ਼ਟਰ (330 ਕੇਸ), ਤੇ ਉੜੀਸਾ (331 ਕੇਸ) ਦਾ ਨੰਬਰ ਹੈ। ਅਦਾਲਤ ਨੂੰ ਵਿਧਾਇਕਾਂ ਤੇ ਪਾਰਲੀਮੈਂਟ ਮੈਂਬਰਾਂ ਖਿਲਾਫ ਬਕਾਇਆ ਕੇਸਾਂ ਦੀ ਸੁਣਵਾਈ ਲਈ ਹਰ ਜ਼ਿਲ੍ਹੇ ਵਿੱਚ ਵਿਸ਼ੇਸ਼ ਅਦਾਲਤਾਂ ਦੀ ਸਲਾਹ ਦਿੱਤੀ ਗਈ ਹੈ।



## ਪਾਕਿ ਸਿਆਸਤ ’ਤੇ ਅਦਾਲਤੀ ਧਮਾਕਾ :

# ਜ਼ਰਦਾਰੀ, ਗਿਲਾਨੀ ਨੂੰ ਦੋਸ਼ੀ ਤੇ ਨਵਾਜ਼ ਨੂੰ ਭਗੌੜਾ ਕਰਾਰ

ਇਸਲਾਮਾਬਾਦ, 10 ਸਤੰਬਰ (ਪੋਸਟ ਬਿਊਰੋ)- ਤੋਸ਼ਾਖਾਨਾ ਕੇਸ ਵਿੱਚ ਪਾਕਿਸਤਾਨ ਦੇ ਸਾਬਕਾ ਰਾਸ਼ਟਰਪਤੀ ਆਸਿਫ ਅਲੀ ਜ਼ਰਦਾਰੀ ਤੇ ਸਾਬਕਾ ਪ੍ਰਧਾਨ ਮੰਤਰੀ ਯੂਸੁਫ ਰਜ਼ਾ ਗਿਲਾਨੀ ਨੂੰ ਜਵਾਬਦੇਹੀ ਅਦਾਲਤ ਨੇ ਦੋਸ਼ੀ ਠਹਿਰਾਇਆ ਅਤੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੂੰ ਅਦਾਲਤ ਦੀ ਕਾਰਵਾਈ ਤੋਂ ਲਗਾਤਾਰ ਗੈਰ ਹਾਜ਼ਰ ਰਹਿਣ ਦੇ ਕਾਰਨ ਭਗੌੜਾ ਅਪਰਾਧੀ ਕਰਾਰ ਦੇ ਦਿੱਤਾ ਹੈ, ਜਿਸ ਨਾਲ ਤਿੰਨਾਂ ਦੀਆਂ ਮੁਸ਼ਕਲਾਂ ਵਧ ਗਈਆਂ ਹਨ।



ਦ ਨਿਊਜ਼ ਇੰਟਰਨੈਸ਼ਨਲ ਦੇ ਮੁਤਾ-ਬਕ ਮਾਰਚ ਵਿੱਚ ਰਾਸ਼ਟਰੀ ਜਵਾਬਦੇਹੀ ਬਿਊਰੋ ਨੇ ਤੋਸ਼ਾਖਾਨਾ (ਸਟੇਟ ਗਿਫਟ ਰਿਪੋਜ਼ਿਟਰੀ) ਦੇ ਨਿਯਮਾਂ ਦੀ ਉਲੰਘਣਾ ਲਈ ਦੋਸ਼ੀਆਂ ਦੇ ਖਿਲਾਫ ਜਵਾਬਦੇਹੀ ਅਦਾਲਤ ਵਿੱਚ ਰੈਫਰੈਂਸ ਦਾਇਰ ਕੀਤਾ ਸੀ, ਜਿਸ ਦੇ ਬਾਰੇ ਇਹ ਕਿਹਾ ਗਿਆ ਸੀ ਕਿ ਇਸ ਨਾਲ ਸਰਕਾਰੀ ਖਜ਼ਾਨੇ ਨੂੰ ਭਾਰੀ ਨੁਕਸਾਨ ਪੁੱਜਾ ਹੈ। ਰੈਫਰੈਂਸ ਵਿੱਚ ਓਮਨੀ ਗਰੁੱਪ ਦੇ ਸੀ ਈ ਓ ਖਵਾਜ਼ਾ ਅਨਵਰ ਮਾਜਿਦ ਅਤੇ ਉਸ ਦੇ ਬੇਟੇ ਖਵਾਜ਼ਾ ਅਬਦੁਲ ਗਨੀ ਮਾਜਿਦ ਦਾ ਵੀ ਨਾਂਅ ਹੈ। ਇਸ ਵਿੱਚ ਐਨ ਏ ਬੀ ਨੇ ਦੋਸ਼ ਲਾਇਆ ਕਿ ਗਿਲਾਨੀ ਨੇ ਦੋਸ਼ੀਆਂ ਨੂੰ ਨਾਜਾਇਜ਼ ਲਾਭ ਦੇਣ ਲਈ ਪ੍ਰਕਿਰਿਆਵਾਂ ਨੂੰ ਹਲਕਾ ਕਰਦੇ ਹੋਏ ਉਨ੍ਹਾਂ ਨੂੰ ਵਿਦੇਸ਼ੀ ਰਸੂਖ ਵਾਲੇ ਵਿਅਕਤੀਆਂ ਵੱਲੋਂ ਗਿਫਟ ਕੀਤੇ ਗਏ ਲਗਜ਼ਰੀ ਵਾਹਨਾਂ ਨੂੰ ਰੱਖਣ ਦੀ ਇਜਾਜ਼ਤ ਦੇ ਦਿੱਤੀ ਸੀ। ਅਦਾਲਤ ਨੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੂੰ ਵੀ ਭਗੌੜਾ ਅਪਰਾਧੀ ਕਰਾਰ ਦੇ ਦਿੱਤਾ ਅਤੇ ਉਨ੍ਹਾਂ ਦੀ ਗ੍ਰਿਫਤਾਰੀ ਲਈ ਵਾਰੰਟ ਜਾਰੀ ਕੀਤਾ ਹੈ। ਅਦਾਲਤ ਨੇ ਅਧਿਕਾਰੀਆਂ ਨੂੰ ਪਾਕਿਸਤਾਨ ਮੁਸਲਿਮ-ਲੀਗ-ਨਵਾਜ਼ ਨੇਤਾ ਦੀ ਪ੍ਰਾਪਰਟੀ ਦੀ ਜਾਣਕਾਰੀ ਸੱਤ ਦਿਨਾਂ ਦੇ ਅੰਦਰ ਪੇਸ਼ ਕਰਨ ਨੂੰ ਵੀ ਕਿਹਾ ਅਤੇ ਵਾਰੰਟ ਜਾਰੀ ਕਰਨ ਦੇ ਬਾਅਦ ਸੁਣਵਾਈ 24 ਸਤੰਬਰ ਤੱਕ ਦੇ ਲਈ ਟਾਲ ਦਿੱਤੀ।

ਦੂਸਰੇ ਪਾਸੇ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੇ ਕੱਲ੍ਹ ਇਸਲਾਮਾਬਾਦ ਹਾਈ ਕੋਰਟ ਵਿੱਚ ਅਰਜ਼ੀ ਦਾਇਰ ਕਰ ਕੇ ਕਿਹਾ ਕਿ ਉਨ੍ਹਾਂ ਦੀ ਸਿਹਤ ਅਜੇ ਠੀਕ ਨਹੀਂ ਕਿ ਉਹ ਲੰਡਨ ਤੋਂ ਵਾਪਸ ਆ ਕੇ 10 ਸਤੰਬਰ ਤਕ ਭ੍ਰਿਸ਼ਟਾਚਾਰ ਦੇ ਕੇਸ ਵਿੱਚ ਆਤਮ ਸਮਰਪਣ ਕਰ ਸਕਣ। ਇਸਲਾਮਾਬਾਦ ਹਾਈ ਕੋਰਟ ਨੇ ਪਿਛਲੇ ਹਫਤੇ ਸ਼ਰੀਫ ਨੂੰ ਆਤਮ ਸਮਰਪਣ ਲਈ ਆਖਰੀ ਮੌਕਾ ਦਿੰਦੇ ਹੋਏ 10 ਸਤੰਬਰ ਤੱਕ ਪੇਸ਼ ਹੋਣ ਲਈ ਕਿਹਾ ਸੀ। ਅਦਾਲਤ ਨੇ ਅਲ-ਅਜੀਜੀਆ ਭ੍ਰਿਸ਼ਟਾਚਾਰ ਮਾਮਲੇ ਵਿੱਚ ਸੁਣਵਾਈ ਦੇ ਲਈ ਪੇਸ਼ ਹੋਣ ਦਾ ਨਿਰਦੇਸ਼ ਦਿੱਤਾ ਹੈ।

# ਵਾਸ਼ਿੰਗਟਨ ਦੇ ਜੰਗਲਾਂ ਦੀ ਅੱਗ ਤਿੰਨ ਲੱਖ ਏਕੜ ਤੋਂ ਵੱਧ ਇਲਾਕੇ ’ਚ ਫੈਲੀ




ਸਿਆਟਲ, 10 ਸਤੰਬਰ (ਪੋਸਟ ਬਿਊਰੋ)- ਵਾਸ਼ਿੰਗਟਨ ਸਟੇਟ ਦੇ ਜੰਗਲ ਵਿੱਚ ਲੱਗੀ ਅੱਗ ਤੇਜ਼ੀ ਨਾਲ ਫੈਲਦੀ ਜਾ ਰਹੀ ਹੈ ਅਤੇ ਧੂੰਏ ਦੇ ਗੁਬਾਰ ਹਰ ਨਵੇਂ ਦਿਨ ਅਸਮਾਨ ਵਿੱਚ ਚੜ੍ਹਦੇ ਜਾ ਰਹੇ ਹਨ।

ਵਾਸ਼ਿੰਗਟਨ ਸਟੇਟ ਦੀ ਰਾਜਧਾਨੀ ਉਲੰਪੀਆ ਵਿਖੇ ਸਟੇਟ ਦੇ ਗਵਰਨਰ ਜੇਅ ਇਨਸਲੀ ਨੇ ਪੱਤਰਕਾਰਾਂ ਨੂੰ ਕਿਹਾ ਇਹ ਅੱਗ ਤਿੰਨ ਲੱਖ ਏਕੜ ਤੋਂ ਵੱਧ ਰਕਬੇ ਵਿੱਚ ਫੈਲ ਗਈ ਹੈ ਤੇ ਇਸ ਨਾਲ ਕਾਫ਼ੀ ਨੁਕਸਾਨ ਹੋ ਰਿਹਾ ਹੈ। ਉਨ੍ਹਾਂ ਕਿਹਾ 2019 ਵਿੱਚ ਲੱਗੀ ਅੱਗ ਤੋਂ ਇਹ ਦੁੱਗਣੇ ਤੋਂ ਵੱਧ ਰਕਬੇ ਵਿੱਚ ਫੈਲ ਗਈ ਹੈ। ਇਹ ਬੜੀ ਵੱਡੀ ਘਟਨਾ ਹੈ। ਉਨ੍ਹਾਂ ਕਿਹਾ ਕਿ ਅੱਗ ’ਤੇ ਕਾਬੂ ਪਾਉਣ ਲਈ ਫਾਇਰ ਵਿਭਾਗ ਦਿਨ ਰਾਤ ਕੰਮ ਕਰ ਰਿਹਾ ਹੈ, ਪਰ ਤੇਜ਼ ਹਵਾਵਾਂ ਨਾਲ ਇਸ ਵਿੱਚ ਭਾਰੀ ਮੁਸ਼ਕਿਲ ਆ ਰਹੀ ਹੈ। ਗਵਰਨਰ ਇਨਸਲੀ ਨੇ ਕਿਹਾ ਵਾਈਟਮੈਨ ਕਾਊਂਟੀ ਵਿੱਚ ਮਾਲਡਨ ਇਲਾਕੇ ਵਿੱਚ 80 ਫ਼ੀਸਦੀ ਸ਼ਹਿਰ ਸੜ ਚੁੱਕਾ ਹੈ। ਉਨ੍ਹਾਂ ਕਿਹਾ ਕਿ ਮਾਲਡਨ ਦੇ ਅਧਿਕਾਰੀਆਂ ਨੇ ਉਨ੍ਹਾਂ ਨੂੰ ਦੱਸਿਆ ਕਿ ਇਵੇਂ ਲੱਗ ਰਿਹਾ ਸੀ ਕਿ ਜਿਵੇਂ ਕੋਈ ਬੰਬ ਫਟ ਗਿਆ ਹੋਵੇ। ਗਵਰਨਰ ਨੇ ਕਿਹਾ ਮਾਲਡਨ ਸ਼ਹਿਰ ਵਿੱਚ ਡਾਕਘਰ, ਫਾਇਰ ਸਟੇਸ਼ਨ, ਸਿਟੀ ਹਾਲ, ਲਾਇਬ੍ਰੇਰੀ ਤੇ ਬਹੁਤ ਸਾਰੇ ਘਰ ਸੜ ਚੁੱਕੇ ਹਨ। ਗਵਰਨਰ ਨੇ ਕਿਹਾ ਕਿ ਅਸੀਂ ਮਾਲਡਨ ਸ਼ਹਿਰ ਦੇ ਲੋਕਾਂ ਨਾਲ ਹਾਂ ਤੇ ਸਰਕਾਰ ਉਨ੍ਹਾਂ ਦੀ ਹਰ ਸੰਭਵ ਮਦਦ ਕਰੇਗੀ। ਉਨ੍ਹਾਂ ਕਿਹਾ ਇੱਕ ਲੱਖ ਦੇ ਕਰੀਬ ਲੋਕ ਤੇਜ਼ ਹਵਾਵਾਂ ਕਾਰਨ ਬੰਦ ਹੋਈ ਬਿਜਲੀ ਤੋਂ ਬਗ਼ੈਰ ਰਹਿ ਰਹੇ ਹਨ ਅਤੇ ਬਿਜਲੀ ਮਹਿਕਮੇ ਨੂੰ ਬਿਜਲੀ ਸਪਲਾਈ ਬਹਾਲ ਕਰਨ ਵਿੱਚ ਭਾਰੀ ਪ੍ਰੇਸ਼ਾਨੀ ਆ ਰਹੀ ਹੈ ਕਿਉਂਕਿ ਬਹੁਤ ਸਾਰੀਆਂ ਸੜਕਾਂ ਦਰੱਖਤ ਡਿੱਗਣ ਕਾਰਨ ਬੰਦ ਹੋ ਗਈਆਂ ਹਨ।



## ਕੋਵਿਡ-19 ਤੋਂ ਪੀੜਤ ਬੱਚਿਆਂ ਵਿੱਚ ਪਲਾਜ਼ਮਾ ਥੈਰੇਪੀ ਅਸਰਦਾਰ ਨਿਕਲੀ

ਵਾਸ਼ਿੰਗਟਨ, 10 ਸਤੰਬਰ (ਪੋਸਟ ਬਿਊਰੋ)- ਇੱਕ ਛੋਟੇ ਗਰੁੱਪ ’ਤੇ ਕੀਤੇ ਗਏ ਸਰਵੇ ਮੁਤਾਬਕ ਪਲਾਜ਼ਮਾ ਥੈਰੇਪੀ ਨਾਲ ਇਲਾਜ ਸੁਰੱਖਿਅਤ ਪਤਾ ਲੱਗਾ ਹੈ ਅਤੇ ਕੋਵਿਡ ਤੋਂ ਪੀੜਤ ਬੱਚਿਆਂ ਦੇ ਇਲਾਜ ਵਿੱਚ ਇਹ ਪ੍ਰਭਾਵਸ਼ਾਲੀ ਹੈ।

ਜਰਨਲ ਆਫ ਪੀਡੀਆਟ੍ਰਿਕ ਬਲੱਡ ਐਂਡ ਕੈਂਸਰ ਵਿੱਚ ਛਪੇ ਇੱਕ ਖੋਜ ਪੱਤਰ ਮਹਾਮਾਰੀ ਕੋਵਿਡ-19 ਦੇ ਮਰੀਜ਼ ਬੱਚਿਆਂ ਦੇ ਪਲਾਜ਼ਮਾ ਥੈਰੇਪੀ ਨਾਲ ਇਲਾਜ ਦੇ ਸਬੰਧ ਵਿੱਚ ਇਹ ਪਹਿਲੀ ਰਿਪੋਰਟ ਹੈ। ਅਮਰੀਕਾ ਦੇ ਫਿਲਾਡੈਲਫੀਆ ਦੇ ਚਿਲਡਰਨ ਹਸਪਤਾਲ (ਸੀ ਐਚ ਓ ਪੀ) ਦੇ ਖੋਜੀਆਂ ਨੇ ਲੱਭਿਆ ਹੈ ਕਿ ਸਾਰਸ-ਕੋਵ-2 ਵਾਇਰਸ (ਕੋਰੋਨਾ ਵਾਇਰਸ) ਦੇ ਸੰਪਰਕ ਵਿੱਚ ਆਏ ਬੱਚਿਆਂ ਵਿੱਚ ਪੈਦਾ ਹੋਈਆਂ ਜਾਨ-ਲੇਵਾ ਬਿਮਾਰੀਆਂ ਦਾ ਇਲਾਜ ਕਰਨ ਲਈ ਕੋਈ ਵੀ ਥੈਰੇਪੀ ਸੁਰੱਖਿਅਤ ਅਤੇ ਪ੍ਰਭਾਵੀ ਸਾਬਤ ਨਹੀਂ ਹੋਈ। ਉਨ੍ਹਾਂ ਕਿਹਾ ਕਿ ਇੱਕ ਸੰਭਾਵਿਤ ਇਲਾਜ, ਜਿਸ ਦਾ ਪ੍ਰਯੋਗ ਵੱਡਿਆਂ ਵਿੱਚ ਕੀਤਾ ਗਿਆ ਹੈ, ਉਹ ਕੋਵਿਡ 19 ਦੇ ਠੀਕ ਹੋ ਚੁੱਕੇ ਮਰੀਜ਼ਾਂ ਦੇ ਖ਼ੂਨ ’ਚੋਂ ਲਏ ਗਏ ਪਲਾਜ਼ਮਾ ਦੀ ਵਰਤੋਂ ਕਰਨਾ ਹੈ।

ਖੋਜਕਾਰਾਂ ਨੇ ਦੱਸਿਆ ਕਿ ਇਸ ਸਮੇਂ ਇਸ ਥੈਰੇਪੀ ਨਾਲ ਬਿਮਾਰ ਮਰੀਜ਼ਾਂ ਦਾ ਇਲਾਜ ਵਾਇਰਸ ਦੀ ਇਨਫੈਕਸ਼ਨ ਦਾ ਮੁਕਾਬਲਾ ਕਰਨ ਲਈ ਸਰੀਰ ਵਿੱਚ ਐਂਟੀਬਾਡੀ ਪੈਦਾ ਕਰਨ ਲਈ ਕੀਤਾ ਜਾ ਸਕਦਾ ਹੈ। ਉਨ੍ਹਾਂ ਨੇ ਕਿਹਾ ਕਿ ਪਹਿਲੇ ਪਲਾਜ਼ਮਾ ਨਾਲ ਇਲਾਜ ਕਰਾਉਣ ਵਾਲੇ ਲੋਕਾਂ ਵਿੱਚ ਸਕਾਰ-ਾਤਮਕ ਨਤੀਜੇ ਦੇਖਣ ਨੂੰ ਮਿਲੇ ਹਨ, ਪਰ ਬੱਚਿਆਂ ਦੇ ਇਸ ਥੈਰੇਪੀ ਨਾਲ ਇਲਾਜ ਨੂੰ ਲੈ ਕੇ ਬਹੁਤੀ ਖੋਜ ਨਹੀਂ ਕੀਤੀ ਗਈ ਹੈ।

# ਟਰੰਪ ਦੇ ਦਾਅਵੇ; ਕਮਲਾ ਹੈਰਿਸ ਜਿੱਤ ਗਈ ਤਾਂ ਅਮਰੀਕਾ ਦਾ ਅਪਮਾਨ ਹੋਵੇਗਾ

ਵਾਸ਼ਿੰਗਟਨ, 10 ਸਤੰਬਰ (ਪੋਸਟ ਬਿਊਰੋ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਉਪ ਰਾਸ਼ਟਰਪਤੀ ਦੇ ਅਹੁਦੇ ਲਈ ਡੈਮਕ੍ਰੇਟਿਕ ਉਮੀਦਵਾਰ ਕਮਲਾ ਹੈਰਿਸ ’ਤੇ ਹਮਲਾ ਕਰਦੇ ਹੋਏ ਕਿਹਾ ਕਿ ਲੋਕ ਉਨ੍ਹਾਂ ਨੂੰ ਪਸੰਦ ਨਹੀਂ ਕਰਦੇ ਅਤੇ ਜੇ ਉਹ ਜਿੱਤ ਜਾਂਦੀ ਹੈ ਤਾਂ ਇਹ ਅਮਰੀਕਾ ਦਾ ਅਪਮਾਨ ਹੋਵੇਗਾ।

ਟਰੰਪ ਨੇ ਕਿਹਾ ਕਿ ਹੈਰਿਸ ਤਾਂ ਕੋਰੋਨਾ ਦੀ ਵੈਕਸੀਨ ਨੂੰ ਵੀ ਅਣਡਿੱਠ ਕਰ ਰਹੀ ਹੈ ਤਾਂ ਜੋ ਲੋਕਾਂ ਨੂੰ ਇਹ ਲੱਗੇ ਕਿ ਇਹ ਕੋਈ ਵੱਡੀ ਪ੍ਰਾਪਤੀ ਨਹੀਂ। ਮੈਂ ਇਹ ਪ੍ਰਾਪਤੀ ਆਪਣੇ ਲਈ ਨਹੀਂ ਹਾਸਲ ਕਰਨਾ ਚਾਹੁੰਦਾ। ਮੈਂ ਕੁਝ ਇਹੋ ਜਿਹਾ ਚਾਹੁੰਦਾ ਹਾਂ, ਜੋ ਲੋਕਾਂ ਨੂੰ ਬਿਹਤਰ ਕਰੇ, ਜਿਸ ਨਾਲ ਲੋਕ ਬੀਮਾਰ ਨਾ ਹੋਣ। ਉਹ ਕਦੇ ਵੀ ਅਮਰੀਕਾ ਦੀ ਪਹਿਲੀ ਮਹਿਲਾ ਉੱਪ ਰਾਸ਼ਟਰਪਤੀ ਨਹੀਂ ਹੋ ਸਕਦੀ। ਟਰੰਪ ਨੇ ਕਿਹਾ



ਕਿ ਜੋਅ ਬਿਡੇਨ ਜਿੱਤਦੇ ਹਨ ਤਾਂ ਇਹ ਚੀਨ ਦੀ ਜਿੱਤ ਹੋਵੇਗੀ।

ਉਤਰੀ ਕੈਰੋਲੀਨਾ ’ਚ ਇੱਕ ਰੈਲੀ ਨੂੰ ਸੰਬੋਧਨ ਕਰਦੇ ਹੋਏ ਟਰੰਪ ਨੇ ਕਿਹਾ ਕਿ ਸਾਡੇ ਕੋਲ ਇੱਕ ਅਜਿਹਾ ਮੁਕਾਮ ਹੈ, ਜਿੱਥੇ ਅਸੀਂ ਦੁਨੀਆ ਦੇ ਇਤਿਹਾਸ ’ਚ ਵੱਡੀ ਆਰਥਿਕਤਾ ਦਾ ਨਿਰਮਾਣ ਕਰਦੇ ਹਾਂ ਅਤੇ ਸਾਨੂੰ ਇਸ ਨੂੰ ਬੰਦ ਕਰਨ ਲਈ ਮਜ਼ਬੂਰ ਕੀਤਾ ਗਿਆ ਹੈ, ਕਿਉਂਕਿ ਚੀਨੀ ਪਲੇਗ ਆ ਗਿਆ ਸੀ, ਪਰ ਅਸੀਂ ਆਰਥਿਕਤਾ ਨੂੰ ਫਿਰ ਖੋਲ੍ਹ ਦਿੱਤਾ ਹੈ। ਟਰੰਪ ਨੇ ਕਿਹਾ ਕਿ ਦੇਸ਼ ਦੇ ਰਾਸ਼ਟਰਪਤੀ ਦੀ ਚੋਣ ’ਚ ਉਨ੍ਹਾਂ ਦੇ ਮੁਕਾਬਲੇਬਾਜ਼ ਤੇ ਡੈਮੋਕ੍ਰੇਟਿਕ ਉਮੀਦਵਾਰ ਜੋਅ ਬਿਡੇਨ ਦੀਆਂ ਵਾਤਾਵਰਣ ਸਬੰਧੀ ਨੀਤੀਆਂ ਅਮਰੀਕਾ ਦੇ ਦਰਮਿਆਨੇ ਵਰਗ ਨੂੰ ਤਬਾਹ ਕਰ ਦੇਣਗੀਆਂ ਅਤੇ ਚੀਨ, ਰੂਸ ਅਤੇ ਭਾਰਤ ਸਮੇਤ ਦੁਨੀਆ ਦੇ ਸਭ ਤੋਂ ਵੱਡੇ ਪ੍ਰਦੂਸ਼ਕਾਂ ਨੂੰ ਪ੍ਰਦੂਸ਼ਣ ਫੈਲਾਉਣ ਦੀ ਪੂਰੀ ਆਜ਼ਾਦੀ ਦੇ ਦੇਣਗੀਆਂ।

# ਆਸਟਰੇਲੀਆ ਵਿੱਚ ਕੌਂਸਲਰ ਮੱਲ੍ਹੀ ਉਤੇ ਘਰੇਲੂ ਹਿੰਸਾ ਤੇ ਸੈਕਸ ਸ਼ੋਸ਼ਣ ਦਾ ਕੇਸ

ਐਡੀਲੇਡ, 10 ਸਤੰਬਰ (ਪੋਸਟ ਬਿਊਰੋ)- ਕਸਬਾ ਰਿਵਰਲੈਂਡ ਦੇ ਪਰਿੰਗਾ ਇਲਾਕੇ ਦੇ ਕੌਂਸਲਰ ਸੈਮ ਸਿੰਘ ਮੱਲ੍ਹੀ ਨੂੰ ਆਸਟਰੇਲੀਅਨ ਪੁਲਸ ਨੇ ਘਰੇਲੂ ਹਿੰਸਾ ਅਤੇ ਸੈਕਸ ਸ਼ੋਸ਼ਣ ਦੇ ਦੋਸ਼ਾਂ ਹੇਠ ਅਦਾਲਤ ਵਿੱਚ ਪੇਸ਼ ਕੀਤਾ ਹੈ।

ਪਤਾ ਲੱਗਾ ਹੈ ਕਿ ਕੌਂਸਲਰ ਮੱਲ੍ਹੀ ਦੀ ਪਤਨੀ ਨੇ ਉਸ ਉਤੇ ਘਰੇਲੂ ਹਿੰਸਾ ਦੌਰਾਨ ਬੰਦੀ ਬਣਾਉਣ, ਹਮਲਾ ਕਰਨ ਅਤੇ ਜਾਨੋਂ ਮਾਰਨ ਦੀ ਧਮਕੀ ਦੇਣ ਤੋਂ ਇਲਾਵਾ ਬਿਨਾਂ ਸਹਿਮਤੀ ਜਿਨਸੀ ਸੰਬੰਧ ਬਣਾਉਣ ਦੇ ਦੋਸ਼ ਲਾਏ ਹਨ। ਅਦਾਲਤ ਨੇ ਕੌਂਸਲਰ ਮੱਲ੍ਹੀ ਨੂੰ ਜ਼ਮਾਨਤ ’ਤੇ ਰਿਹਾਅ ਕਰ ਦਿੱਤਾ ਹੈ, ਪਰ ਉਸ ਦੀ ਪਤਨੀ ਨੂੰ ਪੁਲਸ ਦੀ ਨਿਗਰਾਨੀ ਵਿੱਚ ਰੱਖਿਆ ਗਿਆ ਹੈ। ਵਰਨਣ ਯੋਗ ਹੈ ਕਿ ਪੰਜਾਬੀ ਮੂਲ ਦੇ ਸੈਮ ਸਿੰਘ ਮੱਲ੍ਹੀ ਰੈਨਮਾਰਕ ਪਾਰਿੰਗ ਕੌਂਸਲ ਦੀ ਚੋਣ ਜਿੱਤ ਕੇ ਕੌਂਸਲਰ ਬਣੇ ਸਨ। ਸਾਊਥ ਆਸਟਰੇਲੀਆ ਲੇਬਰ ਪਾਰਟੀ ਦੇ ਮੁੱਖ ਲੀਡਰ ਪੀਟਰ ਮਾਲੀ ਨੌਸਕਾਸ ਨੇ ਕਿਹਾ ਕਿ ਪਾਰਟੀ ਘਰੇਲੂ ਹਿੰਸਾ ਤੇ ਸਰੀਰਕ ਸ਼ੋਸ਼ਣ ਬਰਦਾਸ਼ਤ ਨਹੀਂ ਕਰੇਗੀ, ਜਿਸ ਕਾਰਨ ਸੈਮ ਸਿੰਘ ਮੱਲ੍ਹੀ ਨੂੰ ਸੂਬਾਈ ਚੋਣਾਂ ਦੇ ਉਮੀਦਵਾਰ ਤੋਂ ਹਟਾਉਣ ਸਮੇਤ ਪਾਰਟੀ ਵਿੱਚੋਂ ਬਾਹਰ ਕੱਢਣ ਲਈ ਲੇਬਰ ਪਾਰਟੀ ਐਸ ਏ ਦੇ ਸੂਬਾ ਸੈਕਟਰੀਏਟ ਨੂੰ ਜ਼ਰੂਰੀ ਕਾਰਵਾਈ ਕਰਨ ਦੀ ਹਦਾਇਤ ਕੀਤੀ ਗਈ ਹੈ।

ਦੂਸਰੇ ਪਾਸੇ ਸਾਊਥ ਆਸਟਰੇਲੀਆ ਪੁਲਸ ਵੱਲੋਂ ਆਪਣੇ ਸੋਸ਼ਲ ਪੇਜ ’ਤੇ ਇੱਕ ਗੁਰਸਿੱਖ ਨੌਜਵਾਨ ਦੀ ਤਸਵੀਰ ਜਾਅਲਸਾਜ਼ੀ ਦੇ ਕੇਸਾਂ ਵਿੱਚ ਲੋੜੀਂਦੇ ਹੋਣ ਦੀ ਸੂਚਨਾ ਨਾਲ ਅਪਲੋਡ ਕਰਨ ਕਰ ਕੇ ਸਿੱਖ ਭਾਈਚਾਰੇ ਵਿੱਚ ਭਾਰੀ ਰੋਸ ਹੈ। ਇਸ ਪੇਜ ’ਤੇ ਇਸ ਪੋਸਟ ਦੇ ਹੇਠ ਟਿੱਪਣੀਆਂ ਵਿੱਚ ਸਬੰਧਤ ਸਿੱਖ



ਨੌਜਵਾਨ ਨੂੰ ਆਨਲਾਈਨ ਧੋਖਾਧੜੀ ਦਾ ਦੋਸ਼ੀ ਮੰਨ ਕੇ ਸਿੱਖਾਂ ਬਾਰੇ ਨਫਰਤ ਭਰੀਆਂ ਟਿੱਪਣੀਆਂ ਵੀ ਕੀਤੀਆਂ ਗਈਆਂ ਹਨ। ਪੀੜਤ ਨੌਜਵਾਨ ਨੂੰ ਜਦੋਂ ਪੁਲਸ ਵੱਲੋਂ ਉਸ ਦੀ ਆਨਲਾਈਨ ਜਾਅਲਸਾਜ਼ੀ ਦੇ ਕੇਸ ਵਿੱਚ ਕੀਤੀ ਜਾ ਰਹੀ ਭਾਲ ਦਾ ਪਤਾ ਲੱਗਾ ਤਾਂ ਉਹ ਖੁਦ ਆਪਣੇ ਭਰਾ ਨਾਲ ਐਡੀਲੇਡ ਪੁਲਸ ਸਟੇਸ਼ਨ ਹਾਜ਼ਰ ਹੋ ਗਿਆ ਅਤੇ ਆਪਣੇ ਨਿਰਦੋਸ਼ ਹੋਣ ਦੇ ਸਬੂਤਾਂ ਸਹਿਤ ਜਾਣਕਾਰੀ ਦਿੱਤੀ। ਜਾਂਚ ਪਿੱਛੋਂ ਸਾਊਥ ਆਸਟਰੇਲੀਆ ਪੁਲਸ ਵਿਭਾਗ ਨੇ ਨੌਜਵਾਨ ਦੀ ਤਸਵੀਰ ਇਸ ਸੋਸ਼ਲ ਪੇਜ ਤੋਂ ਬਿਨਾਂ ਸਪੱਸ਼ਟੀਕਰਨ ਦੇ ਹਟਾ ਦਿੱਤੀ ਹੈ।

ਇਸ ਨੌਜਵਾਨ ਨੇ ਆਪਣਾ ਨਾਂਅ ਨਾ ਦੱਸਣ ਦੀ ਸ਼ਰਤ ’ਤੇ ਮੀਡੀਆ ਨੂੰ ਦੱਸਿਆ ਕਿ ਉਹ ਸਾਊਥ ਆਸਟਰੇਲੀਆ ਵਿੱਚ ਕੌਮਾਂਤਰੀ ਸਟੂਡੈਂਟ ਵੀਜ਼ੇ ’ਤੇ ਹੈ। ਕੋਰੋਨਾ ਦੇ ਸੰਕਟ ਦੌਰਾਨ ਉਸ ਦੀ ਨੌਕਰੀ ਚਲੀ ਜਾਣ ਕਾਰਨ ਉਸ ਨੇ ਸੋਸ਼ਲ ਮੀਡੀਆ ’ਤੇ ਨੌਕਰੀ ਲਈ ਐਡ ਅਪਲੋਡ ਕੀਤੀ ਸੀ। ਇੱਕ ਵਿਅਕਤੀ ਵੱਲੋਂ ਉਸ ਨਾਲ ਆਨਲਾਈਨ ਸਰਵਿਸ ਲਈ ਐਡੀਲੇਡ ਵਿੱਚ ਕੰਮ ਕਰਨ ਦੀ ਪੇਸ਼ਕਸ਼ ਕੀਤੀ ਗਈ ਸੀ ਅਤੇ ਉਹ ਉਸ ਵਿਅਕਤੀ ਲਈ ਕੰਮ ਕਰਨ ਲੱਗ ਗਿਆ ਸੀ।

# ਅਮਰੀਕਾ ਵਿੱਚ ਟਰੱਕ ਹਾਦਸੇ ਵਿੱਚ ਜਲੰਧਰ ਦੇ ਸੁਖਵਿੰਦਰ ਸਿੰਘ ਦੀ ਮੌਤ

ਸਾਨ ਫਰਾਂਸਿਸਕੋ, 10 ਸਤੰਬਰ (ਪੋਸਟ ਬਿਊਰੋ)- ਇੱਥੇ ਇੱਕ ਟਰੱਕ ਹਾਦਸੇ ’ਚ ਫਰਿਜ਼ਨੋ ਰਹਿੰਦੇ ਪੰਜਾਬੀ ਨੌਜਵਾਨ ਸੁਖਵਿੰਦਰ ਸਿੰਘ ਦੀ ਮੌਤ ਹੋ ਗਈ ਹੈ। ਪਿਛਲੇ ਕਰੀਬ ਡੇਢ ਮਹੀਨੇ ਤੋਂ ਅਮਰੀਕਨ ਟਰੱਕਿੰਗ ਇੰਡਸਟਰੀ ਤੋਂ ਪੰਜਾਬੀ ਭਾਈਚਾਰੇ ਲਈ ਮਾੜੀਆਂ ਖ਼ਬਰਾਂ ਆ ਰਹੀਆਂ ਹਨ। ਅਗਸਤ ਤੇ ਸਤੰਬਰ ਵਿੱਚ ਅੱਜ ਤੱਕ ਅਮਰੀਕਾ ਦੀਆਂ ਸੜਕਾਂ ’ਤੇ ਘੱਟੋ-ਘੱਟ ਚਾਰ ਪੰਜਾਬੀ ਟਰੱਕ ਡਰਾਈਵਰ ਹਾਦਸਿਆਂ ’ਚ ਆਪਣੀ ਜਾਨ ਗੁਆ ਬੈਠੇ ਹਨ।

ਮਿਲੀ ਜਾਣਕਾਰੀ ਅਨੁਸਾਰ ਨਿਊ ਮੈਕਸੀਕੋ ਸਟੇਟ ਵਿੱਚ ਹਾਈਵੇਅ-40 ਈਸਟ ਬਾਂਡ ਮੀਲ ਮਾਰਕਰ 112 ਦੇ ਲਾਗੇ ਭਿਆਨਕ ਟਰੱਕ ਹਾਦਸਾ ਵਾਪਰ ਗਿਆ, ਜਿਸ ’ਚ ਫਰਿਜ਼ਨੋ ਵਾਸੀ ਸੁਖਵਿੰਦਰ ਸਿੰਘ ਟਿਵਾਣਾ (52) ਦੀ ਮੌਕੇ ’ਤੇ ਮੌਤ ਹੋ ਗਈ। ਫਰੀਵੇਅ-40 ’ਤੇ ਸੁਖਵਿੰਦਰ ਜਦੋਂ ਇੱਕ ਚੜ੍ਹਾਈ ਤੋਂ ਟਰੱਕ ਉਤਾਰ ਰਿਹਾ ਸੀ ਤਾਂ ਸੜਕ ’ਤੇ ਕੰਮ ਚੱਲ ਰਿਹਾ ਹੋਣ ਕਾਰਨ ਅੱਗੇ ਟ੍ਰੈਫਿਕ ਰੁਕਿਆ ਸੀ। ਸੁਖਵਿੰਦਰ ਸਿੰਘ ਟਿਵਾਣਾ ਆਪਣਾ ਟਰੱਕ ਰੋਕਣ ’ਚ ਅਸਫਲ ਰਿਹਾ ਤੇ ਐਮਰਜੈਂਸੀ ਬ੍ਰੇਕਾਂ ਲਾਉਣ ’ਤੇ ਵੀ ਅੱਗੇ ਖੜੇ ਟਰੇਲਰ ਨਾਲ ਜਾ ਵੱਜਾ ਤੇ ਟਰੱਕ ਦਾ ਡੀਜ਼ਲ ਟੈਂਕ ਫਟਣ ਕਾਰਨ ਟਰੱਕ ਨੂੰ ਅੱਗ ਲੱਗ ਗਈ। ਸੁਖਵਿੰਦਰ ਸਿੰਘ ਟਿਵਾਣਾ ਸਟੇਅਰਿੰਗ ਵ੍ਹੀਲ ਅਤੇ ਸੀਟ ਵਿਚਕਾਰ ਫਸ ਗਿਆ ਤੇ ਜਿਉਂਦੇ ਸੜਨ ਨਾਲ ਉਸ ਦੀ ਮੌਤ ਹੋ ਗਈ। ਉਹ ਪਿਛਲੇ 18-19 ਸਾਲ ਤੋਂ ਟਰੱਕਿੰਗ ਬਿਜਨਸ ’ਚ ਸੀ ਤੇ ਤਿੰਨ ਕੁ ਟਰੱਕਾਂ ਦੀ ਛੋਟੀ ਕੰਪਨੀ ‘ਜੋਤ ਟਰੱਕਿੰਗ’ ਚਲਾ ਰਹੇ ਸਨ। ਸੁਖਵਿੰਦਰ ਸਿੰਘ ਟਿਵਾਣਾ ਆਪਣੇ ਪਿੱਛੇ ਆਪਣੇ ਬੁੱਢੇ ਮਾਂ-ਪਿਓ, ਪਤਨੀ ਜਗਮੀਤ ਕੌਰ ਦੋ ਬੇਟੇ ਅਤੇ ਇੱਕ ਬੇਟੀ ਛੱਡ ਗਿਆ। ਸੁਖਵਿੰਦਰ ਦਾ ਪਿਛੋਕੜ ਜ਼ਿਲ੍ਹਾ ਜਲੰਧਰ ਦੇ ਕਸਬਾ ਕਾਲਾ ਬਕਰਾ ਲਾਗੇ ਪਿੰਡ ਰਹੀਮਪੁਰ ਸੀ ਤੇ ਉਹ ਪਿਛਲੇ 25-26 ਸਾਲ ਤੋਂ ਅਮਰੀਕਾ ’ਚ ਰਹਿ ਰਿਹਾ ਸੀ।

# ਅਮਰੀਕਾ ਦੀ ‘ਮਰਦਮ ਸ਼ੁਮਾਰੀ 2020’ ਵਿੱਚ ਸਿੱਖਾਂ ਨੂੰ ਵੱਖਰੀ ਪਛਾਣ ਮਿਲੇਗੀ

ਸਾਨ ਫਰਾਂਸਿਸਕੋ, 10 ਸਤੰਬਰ (ਪੋਸਟ ਬਿਊਰੋ)- ਇਹ ਪਹਿਲੀ ਵਾਰ ਹੈ ਕਿ ਅਮਰੀਕੀ ਮਰਦਮ ਸ਼ੁਮਾਰੀ ਵਿੱਚ ਸਿੱਖਾਂ ਨੂੰ ਵੱਖਰੀ ਪਛਾਣ ਮਿਲੇਗੀ। 2020 ਦੀ ਮਰਦਮ ਸ਼ੁਮਾਰੀ ਵਿੱਚ ਸਿੱਖਾਂ ਨੂੰ ਵੱਖਰੇ ਨਸਲੀ ਗਰੁੱਪ ਵਜੋਂ ਗਿਣਿਆ ਜਾਵੇਗਾ। ਕੁਝ ਲੋਕਾਂ ਦਾ ਮੰਨਣਾ ਹੈ ਕਿ ਇਹ ਕਦਮ ਸਿੱਖ ਵੱਖਵਾਦੀਆਂ ਨੂੰ ਉਭਾਰ ਦੇ ਸਕਦਾ ਹੈ ਪਰ ਬਹੁਤਿਆਂ ਦਾ ਕਹਿਣਾ ਹੈ ਕਿ ਇਸ ਸੰਬੰਧ ਵਿੱਚ ਚਿੰਤਾ ਦਾ ਕੋਈ ਕਾਰਨ ਨਹੀਂ ਹੈ।

ਅਮਰੀਕਾ ਦੇ ਇਤਿਹਾਸ ਵਿੱਚ ਪਹਿਲੀ ਵਾਰ ਮਰਦਮ ਸ਼ੁਮਾਰੀ ਬਿਓਰੋ ਸਿੱਖਾਂ ਨੂੰ ਇੱਕ ਵੱਖਰੇ ਨਸਲੀ ਗਰੁੱਪ ਵਜੋਂ ਗਿਣੇਗਾ। ਇਹ ਭਾਰਤ ਦੇ ਉਨ੍ਹਾਂ ਲੋਕਾਂ ਲਈ ਸਾਂਝੇ ਏਸ਼ੀਅਨ ਭਾਰਤੀ ਵਰਗ ਤੋਂ ਵੱਖਰੀ ਪਛਾਣ ਸਥਾਪਤ ਕਰਨ ਵੱਲ ਇੱਕ ਮਹੱਤਵ ਪੂਰਨ ਕਦਮ ਹੈ, ਜੋ ਵਿਆਪਕ ਤੌਰ ’ਤੇ ਭਾਰਤੀ-ਅਮਰੀਕੀ ਵਜੋਂ ਜਾਣੇ ਜਾਂਦੇ ਹਨ। ਸੁਹਿਰਦ ਬੁੱਧੀਜੀਵੀ ਇਸ ਗੱਲ ’ਤੇ



ਜ਼ੋਰ ਦਿੰਦੇ ਹਨ ਇਹ ਵਧੀਆ ਫੈਸਲਾ ਹੈ ਤੇ ਇਹ ਗਿਣਤੀਆਂ-ਮਿਣਤੀਆਂ ਸਿੱਖਾਂ ਨੂੰ ਅਮਰੀਕੀ ਸਰਕਾਰ ਦੀਆਂ ਨੀਤੀਆਂ ਦੇ ਸੰਦਰਭ ਵਿੱਚ ਸਹੂਲਤਾਂ ਪ੍ਰਾਪਤ ਕਰਨ ਵਿੱਚ ਸਹਾਇਤਾ ਕਰਨਗੀਆਂ।

ਮਰਦਮ ਸ਼ੁਮਾਰੀ ਬਿਓਰੋ ਇਸ ਵੇਲੇ ਡਾਕ, ਫ਼ੋਨ ਅਤੇ ਆਨਲਾਈਨ ਰਾਹੀਂ ਇੱਕ ਗਿਣਤੀ ਵਿੱਚ ਲੱਗੀ ਹੋਈ ਹੈ ਤੇ ਇਹ ਪ੍ਰਕਿਰਿਆ 30 ਸਤੰਬਰ ਨੂੰ ਮੁਕੰਮਲ ਹੋਣ ਦੀ ਆਸ ਹੈ। ਸਿੱਖਾਂ ਨੂੰ ਮਰਦਮ ਸ਼ੁਮਾਰੀ ਫਾਰਮ ਵਿੱਚ ਸਿੱਖ ਲਿਖਣ ਦੀ ਆਗਿਆ ਦਿੱਤੀ ਜਾਏਗੀ ਅਤੇ ਸਿੱਖ ਧਰਮ ਨੂੰ ਫਾਰਮ ਵਿੱਚ ਇੱਕ ਵਿਲੱਖਣ ਕੋਡ ਦੇ ਅਧੀਨ ਵੱਖਰਾ ਗਿਣਿਆ ਜਾਵੇਗਾ। ਇਸ ਤੋਂ ਇਲਾਵਾ ਉਹ ਏਸ਼ੀਅਨਾਂ ਦੀ ਵਿਆ-ਪਕ ਸ਼੍ਰੇਣੀ ਵਿੱਚ ਜਾਣਗੇ, ਏਸ਼ੀਅਨ ਇੰਡੀਅਨ ਨਹੀਂ ਲਿਖੇ ਜਾਣਗੇ। ਸਿੱਖ ਭਾਈਚਾਰੇ ਦੇ ਆਗੂ ਇੱਕ ਦਹਾਕੇ ਤੋਂ ਵੱਧ ਸਮੇਂ ਤੋਂ ਇਸ ਆਧਾਰ ’ਤੇ ਜਨਗਣਨਾ ਬਿਓਰੋ ਦੇ ਫਾਰਮ ਅਤੇ ਵੱਖਰੀ ਸ਼੍ਰੇਣੀ ਲਈ ਮੁਹਿੰਮ ਚਲਾ ਰਹੇ ਹਨ ਕਿ ਉਨ੍ਹਾਂ ਨੂੰ ਆਪਣੇ ਮੈਂਬਰਾਂ ਦੀ ਬਿਹਤਰ ਸੇਵਾ, ਫੈਡਰਲ ਫੰਡਾਂ ਤੱਕ ਪਹੁੰਚਣ ਅਤੇ ਆਪਣੇ ਰਾਜਨੀਤਿਕ ਨੁਮਾਇੰਦਿਆਂ ਨੂੰ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਸ਼ਾਮਲ ਕਰਨ ਲਈ ਇੱਕ ਸਹੀ ਗਿਣਤੀ ਦੀ ਜ਼ਰੂਰਤ ਹੈ। ਇਹ ਮੰਗ ਉਦੋਂ ਉਭਰ ਕੇ ਆਈ ਜਦੋਂ 9/11 ਦੇ ਅੱਤਵਾਦੀ ਹਮਲੇ ਪਿੱਛੋਂ ਸਿੱਖਾਂ ਨੂੰ ਭੁਲੇਖੇ ਨਾਲ ਹਮਲਿਆਂ ਦਾ ਨਿਸ਼ਾਨਾ ਬਣਾਇਆ ਗਿਆ ਸੀ। ਅਧਿਕਾਰੀਆਂ ਨੇ ਇਸ ਪਿਛੋਕੜ ਉਤੇ ਕਿਹਾ ਕਿ ਮਰਦਮ ਸ਼ੁਮਾਰੀ ਬਿਓਰੋ ਵੱਲੋਂ ਕਈ ਸਾਲਾਂ ਦੀ ਖੋਜ ਅਤੇ ਪਹੁੰਚ ਤੋਂ ਬਾਅਦ ਇਸੇ ਸਾਲ ਮਾਰਚ ਵਿੱਚ ਇਹ ਐਲਾਨ ਕੀਤਾ ਗਿਆ ਸੀ।

# ਘਬਰਾਓ ਨਾ, ਟੋਕੀਓ ਉਲੰਪਿਕ ਹਰ ਹਾਲਤ ਵਿੱਚ ਹੋਣਗੀਆਂ: ਜਪਾਨ

ਟੋਕੀਓ, 10 ਸਤੰਬਰ (ਪੋਸਟ ਬਿਊਰੋ)- ਅੰਤਰਰਾਸ਼ਟਰੀ ਉਲੰਪਿਕ ਕਮੇਟੀ (ਆਈ ਓ ਸੀ) ਅਤੇ ਜਾਪਾਨੀ ਪ੍ਰਬੰਧਕ ਇਸ ਵਕਤ ਆਮ ਜਨਤਾ ਨੂੰ ਇਹ ਯਕੀਨ ਦਿਵਾਉਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਕੋਵਿਡ 19 ਮਹਾਮਾਰੀ ਦੇ ਬਾਵਜੂਦ ਇੱਕ ਸਾਲ ਲਈ ਮੁਲਤਵੀ ਕੀਤੀਆਂ ਗਈਆਂ ਟੋਕੀਓ ਉਲੰਪਿਕ ਖੇਡਾਂ ਅਗਲੇ ਸਾਲ ਜ਼ਰੂਰ ਕਰਾਈਆਂ ਜਾਣਗੀਆਂ।

ਟੋਕੀਓ ਉਲੰਪਿਕ ਲਈ ਪ੍ਰਬੰਧਕੀ ਕਮੇਟੀ ਦੇ ਸੀ ਈ ਓ ਤੋਸ਼ੀਰੋ ਮੁਤੋ ਨੇ ਪਿਛਲੇ ਹਫਤੇ ਕਿਹਾ ਸੀ ਕਿ ਕੋਰੋਨਾ ਦੇ ਕਿਸੇ ਟੀਕੇ ਤੋਂ ਬਿਨਾਂ ਵੀ ਖੇਡਾਂ ਕਰਾਈਆਂ ਜਾ ਸਕਦੀਆਂ ਹਨ, ਜਦ ਕਿ ਟੋਕੀਓ ਉਲੰਪਿਕ ਦੀ ਜ਼ਿੰਮੇਵਾਰੀ ਸੰਭਾਲ ਰਹੇ ਆਈ ਓ ਸੀ ਦੇ ਮੈਂਬਰ ਜਾਨ ਕੋਟੇਸ ਨੇ ਇਸ ਹਫਤੇ ਕਿਹਾ ਸੀ ਕਿ ਮਹਾਮਾਰੀ ਦੇ ਬਾਵਜੂਦ ਖੇਡਾਂ ਕਰਾਈਆਂ ਜਾਣਗੀਆਂ। ਜਾਨ ਕੋਟੇਸ ਏਥੇ ਆਈ ਓ ਸੀ ਕਾਰਜਕਾਰੀ ਬੋਰਡ



ਦੀ ਵਰਚੁਅਲ ਮੀਟਿੰਗ ਵਿੱਚ ਹਿੱਸਾ ਲੈ ਰਹੇ ਹਨ। ਇਸ ਮੌਕੇ ਆਸ ਹੈ ਕਿ ਉਹ ਟੋਕੀਓ ਉਲੰਪਿਕ ਦੀਆਂ ਸੰਭਾਵਨਾਵਾਂ ਬਾਰੇ ਸਕਾਰਾਤਮਕ ਪੱਖ ਪੇਸ਼ ਕਰਨਗੇ। ਪਿਛਲੇ ਦਿਨੀਂ ਕਰਵਾਏ ਗਏ ਜਨਤਕ ਸਰਵੇਖਣ ਵਿੱਚ ਜਾਪਾਨੀ ਲੋਕਾਂ ਤੇ ਵਪਾਰਕ ਗਰੁੱਪਾਂ ਨੇ ਖੇਡਾਂ ਬਾਰੇ ਸ਼ੱਕ ਜ਼ਾਹਰ ਕੀਤਾ ਸੀ। ਪ੍ਰਬੰਧਕੀ ਕਮੇਟੀ ਦੇ ਬੁਲਾਰੇ ਮਾਸਾ ਤਕਾਇਆ ਨੇ ਕੱਲ੍ਹ ਕਿਹਾ ਕਿ ਅਸੀਂ ਤੁਹਾਨੂੰ ਦੱਸ ਸਕਦੇ ਹਾਂ ਕਿ ਆਈ ਓ ਸੀ 32ਵੀਆਂ ਉਲੰਪਿਕ ਖੇਡਾਂ ਨੂੰ ਟੋਕੀਓ ਵਿੱਚ ਕਰਵਾਉਣ ਬਾਰੇ ਪੂਰੀ ਤਰ੍ਹਾਂ ਵਚਨਬੱਧ ਹੈ। ਅਸੀਂ ਠੋਸ ਕਦਮ ਉਠਾਉਣੇ ਸ਼ੁਰੂ ਕਰ ਦਿੱਤੇ ਹਨ।

# ਅਮੀਰ ਅਮਰੀਕੀਆਂ ਦੀ ਸੂਚੀ ਵਿੱਚ 7 ਜਣੇ ਭਾਰਤੀ ਮੂਲ ਦੇ

## * ਡੋਨਾਲਡ ਟਰੰਪ ਨੂੰ 339ਵਾਂ ਸਥਾਨ ਮਿਲਿਆ

ਨਿਊਯਾਰਕ, 10 ਸਤੰਬਰ (ਪੋਸਟ ਬਿਊਰੋ)- ਅਮਰੀਕਾ ਦੇ ਸਭ ਤੋਂ ਅਮੀਰ ਲੋਕਾਂ ਦੀ ਸੂਚੀ ਵਿੱਚ ਅਮੇਜ਼ਨ ਦੇ ਮੋਢੀ ਜੈਫ ਬੇਜੋਸ ਲਗਾਤਾਰ ਤੀਸਰੇ ਸਾਲ ਵਿਚ ਪਹਿਲੇ ਸਥਾਨ ’ਤੇ ਰਹੇ ਹਨ। ਸਭ ਤੋਂ ਅਮੀਰ ਅਮਰੀਕੀ ਲੋਕਾਂ ਬਾਰੇ ਫੋਰਬਸ ਦੀ ਸੂਚੀ ਵਿੱਚ ਬਿੱਲ ਐਂਡ ਮੇਲਿੰਡਾ ਗੇਟਸ ਫਾਊਂਡੇਸ਼ਨ ਦੇ ਬਿੱਲ ਗੇਟਸ ਦੂਜੇ ਥਾਂ ਰਹੇ ਹਨ। ਇਸ 400 ਲੋਕਾਂ ਦੀ ਸੂਚੀ ਵਿੱਚ ਇਸ ਵਾਰ ਸੱਤ ਭਾਰਤੀ ਮੂਲ ਦੇ ਲੋਕ ਵੀ ਸ਼ਾਮਲ ਹਨ।

ਹੈਰਾਨੀ ਦੀ ਗੱਲ ਹੈ ਕਿ ਕੋਰੋਨਾ ਦੀ ਮਹਾਮਾਰੀ ਦੇ ਦੌਰਾਨ ਵੀ ਅਮਰੀਕੀ ਅਮੀਰਾਂ ਦੀ ਜਾਇਦਾਦ ਵਿੱਚ ਚੋਖਾ ਵਾਧਾ ਹੋਇਆ ਹੈ। ਇਸ ਸੂਚੀ ਵਿੱਚ ਸ਼ਾਮਲ 400 ਲੋਕਾਂ ਦੀ ਕੁੱਲ ਜਾਇਦਾਦ 32 ਖਰਬ ਡਾਲਰ ਹੈ ਤੇ ਇਸ ਵਿੱਚ ਪਿਛਲੇ ਸਾਲ ਦੇ ਮੁਕਾਬਲੇ 240 ਅਰਬ ਡਾਲਰ ਦਾ ਵਾਧਾ ਹੋਇਆ ਹੈ। ਫੋਰਬਸ ਦੇ ਮੁਤਾਬਕ ਸਭ ਤੋਂ ਵੱਧ ਅਮੀਰ ਜੈਫ ਬੇਜੋਸ ਦੀ ਜਾਇਦਾਦ 179 ਅਰਬ ਡਾਲਰ ਹੈ। ਬਿੱਲ ਗੇਟਸ ਦੀ ਕੁੱਲ ਜਾਇਦਾਦ 111 ਅਰਬ ਡਾਲਰ ਬਣਦੀ ਹੈ। ਇਸ ਸੂਚੀ ਵਿੱਚ ਸੱਤ ਭਾਰਤੀ ਅਮਰੀਕੀ ਲੋਕਾਂ ਨੇ ਵੀ ਥਾਂ ਬਣਾਈ ਹੈ। ਇਨ੍ਹਾਂ ਵਿੱਚ ਸਾਈਬਰ ਸਕਿਓਰਟੀ ਫਰਮ ਜੈਡਸਕੇਲਰ ਦੇ ਸੀ ਈ ਓ, ਜੇ ਚੌਧਰੀ, ਸਿੰਫਨੀ ਟੈਕਨਾਲੋਜੀ ਗਰੁੱਪ ਦੇ



ਮੋਢੀ ਚੇਅਰਮੈਨ ਰੋਮੇਸ਼ ਬਾਧਵਾਨੀ, ਆਨਲਾਈਨ ਸਾਮਾਨ ਦੇਣ ਵਾਲੀ ਕੰਪਨੀ ਵੇਫੇਅਰ ਦੇ ਇੱਕ ਮੋਢੀ ਅਤੇ ਸੀ ਈ ਓ ਨੀਰਜ ਸ਼ਾਹ, ਸਿਲੀਕਾਨ ਵੈਲੀ ਵੈਂਚਰ ਕੈਪੀਟਲ ਫਰਮ ਖੋਸਲਾ ਵੈਂਚਰਸ ਦੇ ਮੋਢੀ ਵਿਨੋਦ ਖੋਸਲਾ, ਸ਼ੇਰਪਾਲੋ ਵੈਂਚਰਸ ਦੇ ਪਾਰਟਨਰ ਕਵਿਤਾਰਕ ਰਾਮ ਸ੍ਰੀਰਾਮ, ਏਅਰਲਾਈਨ ਵੈਟਰਨ ਰਾਕੇਸ਼ ਗੰਗਵਾਲ ਅਤੇ ਅਨਿਲ ਭੂਸਰੀ ਸ਼ਾਮਲ ਹਨ। ਇਸ ਸੂਚੀ ਵਿੱਚ ਫੇਸਬੁਕ ਦੇ ਮੋਢੀ ਮਾਰਕ ਜ਼ੁਕਰਬਰਗ 85 ਅਰਬ ਡਾਲਰ ਦੀ ਜਾਇਦਾਦ ਨਾਲ ਤੀਜੇ ਸਥਾਨ ’ਤੇ ਹਨ। ਵਰਕਸ਼ਾਇਰ ਹੈਥਵੇ ਦੇ ਸੀ ਈ ਓ ਵਾਰੇਨ ਬਫੇ ਚੌਥੇ ਸਥਾਨ ’ਤੇ ਰਹੇ ਹਨ।

# ਸੀ ਪੀ ਈ ਸੀ ਵਿੱਚ ਭ੍ਰਿਸ਼ਟਾਚਾਰ ਕਾਰਨ ਜਿਨਪਿੰਗ ਨੇ ਰੱਦ ਕੀਤਾ ਪਾਕਿ ਦੌਰਾ

ਪੇਈਚਿੰਗ, 10 ਸਤੰਬਰ (ਪੋਸਟ ਬਿਊਰੋ)- ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਦੇ ਪਾਕਿਸਤਾਨ ਦੌਰੇ ਨੂੰ ਰੱਦ ਕਰਨ ਦੇ ਬਾਰੇ ਵੱਡਾ ਖੁਲਾਸਾ ਹੋਇਆ ਹੈ। ਜਿਨਪਿੰਗ ਇਸ ਸਾਲ ਦੇ ਅੰਤ ਵਿੱਚ ਪਾਕਿ-ਸਤਾਨ ਜਾਣ ਵਾਲੇ ਸਨ। ਇਸ ਯਾਤਰਾ ਮੌਕੇ ਦੋਵਾਂ ਦੇਸ਼ਾਂ ’ਚ ਫੌਜੀ ਅਤੇ ਵਪਾਰ ਖੇਤਰ ’ਚ ਕਈ ਵੱਡੇ ਸਮਝੌਤੇ ਹੋਣ ਦੀ ਸੰਭਾਵਨਾ ਸੀ। ਇਸ ਮੌਕੇ ਜਿਨਪਿੰਗ ਵੱਲੋਂ ਪਾਕਿ-ਸਤਾਨ ਚੀਨ ਦੀ ਸਾਲਾਨਾ ਉਚ ਪੱਧਰੀ ਰਣਨੀਤਕ ਕੌਂਸਲ ਦੀ ਮੀਟਿੰਗ ’ਚ ਵੀ ਹਿੱਸਾ ਲੈਣ ਦੀ ਆਸ ਸੀ।

ਪਾਕਿਸਤਾਨ ’ਚ ਚੀਨ ਦੇ ਰਾਜਪੂਤ ਯਾਓ ਜਿੰਗ ਨੇ ਕਿਹਾ ਸੀ ਕਿ ਕੋਰੋਨਾ ਵਾਇਰਸ ਸੰਕਟ ਨੂੰ ਦੇਖ ਕੇ ਇਹ ਦੌਰਾ ਰੱਦ ਕੀਤਾ ਗਿਆ ਹੈ



ਅਤੇ ਰਾਸ਼ਟਰਪਤੀ ਜਿਨਪਿੰਗ ਦੇ ਦੌਰੇ ਲਈ ਜਲਦੀ ਨਵੀਆਂ ਤਰੀਕਾਂ ਦਾ ਐਲਾਨ ਕੀਤਾ ਜਾਵੇਗਾ। ਚੀਨੀ ਰਾਜਦੂਤ ਵੱਲੋਂ ਦੱਸਿਆ ਇਹ ਕਾਰਨ ਇਸ ਲਈ ਗਲੇ ਨਹੀਂ ਉਤਰ ਸਕਿਆ ਕਿ ਪਾਕਿਸਤਾਨ ਨੇ ਦਾਅਵਾ ਕੀਤਾ ਹੈ ਕਿ ਉਸ ਨੇ ਕੋਰੋਨਾ ਵਾਇਰਸ ’ਤੇ ਜਿੱਤ ਪ੍ਰਾਪਤ ਕਰ ਲਈ ਹੈ। ਅਜਿਹੇ ਹਾਲਾਤ ’ਚ ਚੀਨੀ ਰਾਸ਼ਟਰਪਤੀ ਨੂੰ ਕੋਰੋਨਾ ਦਾ ਡਰ ਕਿਉਂ ਸਤਾ ਰਿਹਾ ਹੈ। ਇਕਨ-ਾਮਿਕ ਟਾਈਮਜ਼ ਦੇ ਮੁਤਾਬਕ ਜਿਨਪਿੰਗ ਨੇ ਪਾਕਿਸਤਾਨ ਦੌਰਾ ਕੋਰੋਨਾ ਦੀ ਮਹਾਮਾਰੀ ਕਾਰਨ ਨਹੀਂ, ਇਸ ਲਈ ਰੱਦ ਕੀਤਾ ਕਿ ਉਹ ਚੀਨ ਪਾਕਿਸਤਾਨ ਇਕਨ-ਾਮਿਕ ਕੋਰੀਡੋਰ (ਸੀ ਪੀ ਈ ਸੀ) ਵਿੱਚ ਹੋਏ ਭ੍ਰਿਸ਼ਟਾਚਾਰ ਦੇ ਰੌਲੇ ਤੋਂ ਬਚ ਸਕਣ। ਕੁਝ ਦਿਨ ਪਹਿਲਾਂ ਪਾਕਿਸਤਾਨ ਦੀ ਇੱਕ ਖੋਜੀ ਵੈਬਸਾਈਟ ਨੇ ਰਿਪੋਰਟ ਜਾਰੀ ਕਰ ਕੇ ਦੱਸਿਆ ਸੀ ਕਿ 60 ਅਰਬ ਡਾਲਰ ਦੇ ਸੀ ਪੀ ਈ ਸੀ ਪ੍ਰਾਜੈਕਟ ਦੇ ਚੇਅਰਮੈਨ ਪਾਕਿ ਫੌਜ ਦੇ ਸਾਬਕਾ ਲੈਫਟੀਨੈਂਟ ਜਨਰਲ ਅਸੀਮ ਸਲੀਮ ਬਾਜਵਾ ਨੇ ਭ੍ਰਿਸ਼ਟਾਚਾਰ ਨਾਲ 40 ਮਿਲੀਅਨ ਡਾਲਰ ਤੋਂ ਵੀ ਜ਼ਿਆਦਾ ਜਾਇਦਾਦ ਬਣਾ ਲਈ ਹੈ।

# ਕੰਜ਼ਰਵੇਟਿਵਾਂ ਦੀ ਨਵੀਂ ਸ਼ੈਡੋ ਕੈਬਨਿਟ ਵਿੱਚ ਸ਼ੀਅਰ ਨੂੰ ਦਿੱਤੀ ਗਈ ਥਾਂ




ਓਟਵਾ, 10 ਸਤੰਬਰ (ਪੋਸਟ ਬਿਊਰੋ) : ਕੰਜ਼ਰਵੇਟਿਵ ਆਗੂ ਐਰਿਨ ਓਟੂਲ ਇਸ ਮਹੀਨੇ ਦੇ ਅੰਤ ਤੱਕ ਪਾਰਲੀਆਮੈਂਟ ਦੀ ਕਾਰਵਾਈ ਸ਼ੁਰੂ ਹੋਣ ਤੋਂ ਪਹਿਲਾਂ ਆਪਣੀ ਪਾਰਟੀ ਦੀ ਹਾਊਸ ਆਫ ਕਾਮਨਜ਼ ਵਿੱਚ ਮੌਜੂਦਗੀ ਨੂੰ ਦਮਦਾਰ ਬਣਾਉਣ ਲਈ ਆਪਣਾ ਸਾਰਾ ਟਿੱਲ ਲਾ ਰਹੇ ਹਨ।

ਕ੍ਰਿਟਿਕਸ ਵਜੋਂ ਵਿਰੋਧੀ ਧਿਰ ਦੇ ਮੂਹਰਲੇ ਬੈਂਚਾਂ ਉੱਤੇ ਕੌਣ ਬੈਠੇਗਾ ਇਸ ਵਿੱਚ ਓਟੂਲ ਨੇ ਆਪਣੀ ਲੀਡਰਸ਼ਿਪ ਕੈਂਪੇਨ ਵਿੱਚ ਸਾਥ ਦੇਣ ਵਾਲਿਆਂ ਦੇ ਨਾਲ ਨਾਲ ਉਨ੍ਹਾਂ ਨੂੰ ਵੀ ਸ਼ਾਮਲ ਕੀਤਾ ਹੈ ਜਿਨ੍ਹਾਂ ਨੇ ਉਨ੍ਹਾਂ ਦੇ ਵਿਰੋਧੀਆਂ ਦਾ ਸਾਥ ਦਿੱਤਾ ਸੀ। ਇਸ ਤੋਂ ਇਲਾਵਾ ਓਟੂਲ ਵੱਲੋਂ ਉਨ੍ਹਾਂ ਕੰਜ਼ਰਵੇਟਿਵਾਂ ਨੂੰ ਵੀ ਇਸ ਵਿੱਚ ਸ਼ਾਮਲ ਕੀਤਾ ਜਾਵੇਗਾ ਜਿਹੜੇ ਲੀਡਰਸ਼ਿਪ ਦੌੜ ਵਿੱਚ ਬਿਲਕੁਲ ਨਿਊਟਰਲ ਰਹੇ ਸਨ।

ਇਨ੍ਹਾਂ ਵਿੱਚ ਪਾਰਟੀ ਦੇ ਸਾਬਕਾ ਆਗੂ ਐਂਡਰਿਊ ਸ਼ੀਅਰ ਨੂੰ ਵੀ ਸ਼ਾਮਲ ਕੀਤਾ ਗਿਆ ਹੈ ਜੋ ਕਿ ਇਨਫਰਾਸਟ੍ਰਕਚਰ ਕ੍ਰਿਟਿਕ ਵਜੋਂ ਸੇਵਾ ਨਿਭਾਉਣਗੇ, ਓਨਟਾਰੀਓ ਦੇ ਪਿਏਰੇ ਪੋਈਲਿਵਰ, ਜੋ ਕਿ ਵਿੱਤ ਕ੍ਰਿਟਿਕ ਬਣੇ ਰਹਿਣਗੇ, ਅਲਬਰਟਾ ਤੋਂ ਐਮਪੀ ਮਿਸ਼ੇਲ ਰੈਂਪਲ ਗਾਰਨਰ, ਜੋ ਕਿ ਸਿਹਤ ਕ੍ਰਿਟਿਕ ਵਜੋਂ ਭੂਮਿਕਾ ਨਿਭਾਉਣਗੇ।

ਓਨਟਾਰੀਓ ਤੋਂ ਐਮਪੀ ਮਾਈਕਲ ਚੌਂਗ ਨੂੰ ਵਿਦੇਸ਼ੀ ਮਾਮਲਿਆਂ ਬਾਰੇ ਕੰਜ਼ਰਵੇਟਿਵ ਪਾਰਟੀ ਦਾ ਕ੍ਰਿਟਿਕ ਬਣਾਇਆ ਜਾ ਰਿਹਾ ਹੈ। ਇਸ ਨੂੰ ਸੱਭ ਤੋਂ ਵੱਡੇ ਮੰਤਰਾਲਿਆਂ ਵਿੱਚੋਂ ਇੱਕ ਮੰਨਿਆਂ ਜਾਂਦਾ ਹੈ। ਇਹ ਉਹ ਪੋਰਟਫੋਲੀਓ ਹੈ ਜਿਹੜਾ 2017 ਵਿੱਚ ਓਟੂਲ ਨੂੰ ਸੌਂਪਿਆ ਗਿਆ ਸੀ। ਉਸ ਸਾਲ ਉਹ ਸ਼ੀਅਰ ਹੱਥੋਂ ਲੀਡਰਸ਼ਿਪ ਦੌੜ ਹਾਰ ਗਏ ਸਨ।

ਪਿਛਲੇ ਮਹੀਨੇ ਲੀਡਰਸ਼ਿਪ ਦੌੜ ਵਿੱਚ ਜਿੱਤ ਹਾਸਲ ਕਰਨ ਵਾਲੇ ਓਟੂਲ ਦੀ ਅਗਵਾਈ ਵਿੱਚ ਕੰਜ਼ਰਵੇਟਿਵ ਪਹਿਲੀ ਵਾਰੀ ਬੁੱਧਵਾਰ ਨੂੰ ਇੱਕਠੇ ਹੋਣਗੇ। ਮੰਗਲਵਾਰ ਨੂੰ ਜਾਰੀ ਕੀਤੇ ਗਏ ਇੱਕ ਬਿਆਨ ਵਿੱਚ ਓਟੂਲ ਨੇ ਆਖਿਆ ਕਿ ਆਉਣ ਵਾਲੇ ਹਫਤਿਆਂ ਵਿੱਚ ਅਸੀਂ ਮਿਹਨਤੀ ਕੈਨੇਡੀਅਨਾਂ ਨੂੰ ਪਹਿਲ ਦੇਵਾਂਗੇ ਤੇ ਆਪਣੇ ਦੇਸ਼ ਨੂੰ ਇਸ ਸੰਕਟ ਵਿੱਚੋਂ ਕੱਢਣ ਦੀ ਕੋਸ਼ਿਸ਼ ਕਰਾਂਗੇ ਤੇ ਦੇਸ਼ ਦਾ ਮੁੜ ਨਿਰਮਾਣ ਕਰਾਂਗੇ।

# ਕੁਆਰਨਟੀਨ ਨਿਯਮਾਂ ਦੀ ਅਣਦੇਖੀ ਕਰਨ ਵਾਲਿਆਂ ਖਿਲਾਫ ਹੋਵੇਗੀ ਸਖ਼ਤ ਕਾਰਵਾਈ : ਫੋਰਡ



ਟੋਰਾਂਟੋ, 10 ਸਤੰਬਰ (ਪੋਸਟ ਬਿਊਰੋ) : ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਦਾ ਕਹਿਣਾ ਹੈ ਕਿ ਕੈਨੇਡਾ ਵਿੱਚ ਦਾਖਲ ਹੋਣ ਸਮੇਂ ਕੁਆਰਨਟੀਨ ਨਿਯਮਾਂ ਦੀ ਅਣਦੇਖੀ ਕਰਨ ਵਾਲੇ ਲੋਕਾਂ ਖਿਲਾਫ ਉਹ ਜ਼ਰੂਰ ਕਾਰਵਾਈ ਕਰਨਗੇ। ਉਨ੍ਹਾਂ ਇਹ ਵੀ ਆਖਿਆ ਕਿ ਕੈਨੇਡਾ ਆਉਣਾ ਵੱਡੇ ਸੁਭਾਗ ਵਾਲੀ ਗੱਲ ਹੈ।

ਕੋਵਿਡ-19 ਕੇਸਾਂ ਵਿੱਚ ਹੋਏ ਵਾਧੇ ਕਾਰਨ ਪ੍ਰੋਵਿੰਸ ਵੱਲੋਂ ਆਪਣੇ ਰੀਓਪਨਿੰਗ ਪਲੈਨ ਉੱਤੇ ਵਿਰਾਮ ਲਾਏ ਜਾਣ ਦੇ ਫੈਸਲੇ ਤੋਂ ਬਾਅਦ ਮੰਗਲਵਾਰ ਨੂੰ ਕੁਈਨਜ਼ ਪਾਰਕ ਵਿਖੇ ਫੋਰਡ ਨੇ ਉਕਤ ਟਿੱਪਣੀ ਕੀਤੀ। ਉਨ੍ਹਾਂ ਆਖਿਆ ਕਿ ਜਿਹੜੇ ਵਿਅਕਤੀ ਕੈਨੇਡਾ ਜਾਂ ਓਨਟਾਰੀਓ ਦਾਖਲ ਹੋਣ ਤੋਂ ਬਾਅਦ ਵੀ ਕੁਆਰੰਟੀਨ ਸਬੰਧੀ ਨਿਯਮਾਂ ਦਾ ਪਾਲਣ ਨਹੀਂ ਕਰਦੇ ਤੇ ਘਰਾਂ ਵਿੱਚ ਟਿਕ ਕੇ ਨਹੀਂ ਬੈਠਦੇ ਤਾਂ ਅਸੀਂ ਉਨ੍ਹਾਂ ਖਿਲਾਫ ਸਖ਼ਤ ਕਾਰਵਾਈ ਕਰਨ ਲਈ ਤਿਆਰ ਹਾਂ।

ਫੋਰਡ ਨੇ ਆਖਿਆ ਕਿ ਇਹ ਗੱਲ ਸਾਰਿਆਂ ਨੂੰ ਸਮਝ ਲੈਣੀ ਚਾਹੀਦੀ ਹੈ ਕਿ ਵੱਡੀਆਂ ਪਾਰਟੀਆਂ ਤੇ ਵਿਆਹ ਸਮਾਰੋਹ ਉੱਤੇ ਰੋਕ ਲਾਈ ਜਾਣੀ ਜ਼ਰੂਰੀ ਹੈ। ਜੁਲਾਈ ਦੇ ਅੰਤ ਤੋਂ ਲੈ ਕੇ ਹੁਣ ਤੱਕ ਕੋਵਿਡ-19 ਕੇਸਾਂ ਵਿੱਚ ਆਈ ਕਮੀ ਤੋਂ ਬਾਅਦ ਮੰਗਲਵਾਰ ਨੂੰ ਓਨਟਾਰੀਓ ਵਿੱਚ ਕਰੋਨਾਵਾਇਰਸ ਦੇ 185 ਮਾਮਲੇ ਸਾਹਮਣੇ ਆਏ।

ਫੋਰਡ ਨੇ ਆਖਿਆ ਕਿ ਉਹ ਸਮਝ ਸਕਦੇ ਹਨ ਕਿ ਕਈ ਸੱਭਿਆਚਾਰਾਂ ਵਿੱਚ ਵੱਡੀ ਪੱਧਰ ਉੱਤੇ ਵਿਆਹ ਸਮਾਰੋਹ ਕੀਤੇ ਜਾਂਦੇ ਹਨ। ਇਸ ਲਈ ਦੁਨੀਆ ਭਰ ਤੋਂ ਲੋਕ ਆਪਣੇ ਰਿਸ਼ਤੇਦਾਰਾਂ ਨੂੰ ਵੀ ਇੱਕਠਾ ਕਰ ਲੈਂਦੇ ਹਨ। ਪਰ ਹੁਣ ਹਾਲਾਤ ਅਜਿਹੇ ਹਨ ਕਿ ਤੁਸੀਂ ਅਜਿਹਾ ਨਹੀਂ ਕਰ ਸਕਦੇ। ਇਸ ਨਾਲ ਸਾਰੇ ਪ੍ਰੋਵਿੰਸ ਉੱਤੇ ਅਸਰ ਪੈਂਦਾ ਹੈ ਉਹ ਵੀ ਉਦੋਂ ਜਦੋਂ ਅਸੀਂ ਬਹੁਤ ਹੱਦ ਤੱਕ ਇਸ ਮਹਾਂਮਾਰੀ ਉੱਤੇ ਕਾਬੂ ਪਾ ਲਿਆ ਹੋਵੇ।

ਇੱਥੇ ਦੱਸਿਆ ਜਾਣਾ ਬਣਦਾ ਹੈ ਕਿ ਕੈਨੇਡਾ ਵਿੱਚ ਦਾਖਲ ਹੋਣ ਤੋਂ ਬਾਅਦ ਕੁਆਰਨਟੀਨ ਸਬੰਧੀ ਨਿਯਮਾਂ ਦਾ ਪਾਲਣ ਨਾ ਕਰਨ ਵਾਲਿਆਂ ਨੂੰ ਛੇ ਮਹੀਨੇ ਦੀ ਕੈਦ ਤੇ 750,000 ਡਾਲਰ ਜੁਰਮਾਨਾ ਹੋ ਸਕਦਾ ਹੈ। ਕੁਆਰਨਟੀਨ ਨਿਯਮਾ ਦੀ ਉਲੰਘਣਾਂ ਕਰਨ ਵਾਲਿਆਂ ਨੂੰ ਆਰਸੀਐਮਪੀ, ਪ੍ਰੋਵਿੰਸ਼ੀਅਲ ਪੁਲਿਸ ਤੇ ਲੋਕਲ ਪੁਲਿਸ ਵੱਲੋਂ ਵੀ 275 ਡਾਲਰ ਤੋਂ 1000 ਡਾਲਰ ਤੱਕ ਦੀਆਂ ਟਿਕਟਸ

## ਪੁਲਿਸ ਹੈਲੀਕਾਪਟਰ ’ਤੇ ਲੇਜ਼ਰ ਪੁਆਇੰਟ ਕਰਨ ਵਾਲਾ ਵਿਅਕਤੀ ਗ੍ਰਿਫਤਾਰ, ਲਾਏ ਜਾਣਗੇ ਚਾਰਜਿਜ਼




ਮਾਰਖਮ, 10 ਸਤੰਬਰ (ਪੋਸਟ ਬਿਊਰੋ) : ਪੁਲਿਸ ਹੈਲੀਕਾਪਟਰ ਉੱਤੇ ਕਥਿਤ ਤੌਰ ਉੱਤੇ ਲੇਜ਼ਰ ਪੈਨ ਨਾਲ ਪੁਆਇੰਟ ਕਰਨ ਵਾਲੇ ਮਾਰਖਮ ਦੇ 31 ਸਾਲਾ ਵਿਅਕਤੀ ਉੱਤੇ ਚਾਰਜਿਜ਼ ਲਾਏ ਜਾਣਗੇ।

ਯੌਰਕ ਰੀਜਨਲ ਪੁਲਿਸ ਨੇ ਦੱਸਿਆ ਕਿ ਉਹ ਮਾਰਖਮ ਵਿੱਚ ਬ੍ਰਿਮਲੇ ਰੋਡ ਤੇ ਡੈਨੀਸਨ ਸਟਰੀਟ ਇਲਾਕੇ ਵਿੱਚ ਮੌਜੂਦ ਸਨ ਤੇ ਨਸ਼ਾ ਕਰਕੇ ਗੱਡੀ ਚਲਾਉਣ ਦੇ ਮਾਮਲੇ ਦੀ ਜਾਂਚ ਕਰ ਰਹੇ ਸਨ ਜਦੋਂ ਇਹ ਘਟਨਾ ਵਾਪਰੀ। ਉਨ੍ਹਾਂ ਆਖਿਆ ਕਿ ਹੈਲੀਕਾਪਟਰ ਪਾਇਲਟ ਤੇ ਨਾਲ ਬੈਠੇ ਅਧਿਕਾਰੀ ਉੱਤੇ ਇੱਕ ਵਾਰੀ ਨਹੀਂ ਕਿੰਨੀ ਵਾਰੀ ਲੇਜ਼ਰ ਪੁਆਇੰਟ ਕੀਤੀ ਗਈ।

ਪੁਲਿਸ ਨੇ ਇਹ ਵੀ ਦੱਸਿਆ ਕਿ ਉਹ ਲੇਜ਼ਰ ਇਸ ਇਲਾਕੇ ਦੇ ਹੀ ਕਿਸੇ ਘਰ ਦੇ ਬੈਕਯਾਰਡ ਤੋਂ ਆ ਰਹੀ ਸੀ ਤੇ ਉੱਥੇ ਪਹਿਲਾਂ ਤੋਂ ਹੀ ਮੌਜੂਦ ਪੁਲਿਸ ਅਧਿਕਾਰੀਆਂ ਨੇ ਮਸ਼ਕੂਕ ਨੂੰ ਲੋਕੇਟ ਕਰ ਲਿਆ ਤੇ ਉਸ ਨੂੰ ਗ੍ਰਿਫਤਾਰ ਕਰ ਲਿਆ। ਪੁਲਿਸ ਜਨਤਾ ਨੂੰ ਇਹ ਚੇਤੇ ਕਰਵਾਉਣਾ ਚਾਹੁੰਦੀ ਹੈ ਕਿ ਲੇਜ਼ਰ ਪੁਆਇੰਟਰਜ਼ ਗੰਭੀਰ ਮਾਮਲਾ ਹਨ ਤੇ ਇਹ ਪਾਇਲਟਸ ਦੀ ਸੇਫਟੀ ਦੇ ਨਾਲ ਨਾਲ ਜ਼ਮੀਨ ਉੱਤੇ ਮੌਜੂਦ ਲੋਕਾਂ ਲਈ ਵੀ ਖਤਰਨਾਕ ਹਨ।

ਹੈਲਥ ਕੈਨੇਡਾ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਦੇ ਲੇਜ਼ਰਜ਼ ਤੇ ਲੇਜ਼ਰ ਪੁਆਇੰਟਰਜ਼ ਆਰਜ਼ੀ ਤੌਰ ਉੱਤੇ ਜਾਂ ਸਥਾਈ ਤੌਰ ਉੱਤੇ ਅੱਖਾਂ ਨੂੰ ਨੁਕਸਾਨ ਪਹੁੰਚਾ ਸਕਦੇ ਹਨ ਤੇ ਜਾਂ ਫਿਰ ਅੰਨ੍ਹੇਪਣ ਲਈ ਵੀ ਜ਼ਿੰਮੇਵਾਰ ਹੋ ਸਕਦੇ ਹਨ।

## ਚਾਰ ਹਫਤਿਆਂ ਲਈ ਓਨਟਾਰੀਓ ’ਚ ਰੀਓਪਨਿੰਗਜ਼ ’ਤੇ ਲਾਈ ਗਈ ਰੋਕ



ਓਨਟਾਰੀਓ, 10 ਸਤੰਬਰ (ਪੋਸਟ ਬਿਊਰੋ) : ਕੋਵਿਡ-19 ਕੇਸਾਂ ਵਿੱਚ ਹੋ ਰਹੇ ਵਾਧੇ ਨੂੰ ਵੇਖਦਿਆਂ ਹੋਇਆਂ ਫੋਰਡ ਸਰਕਾਰ ਨੇ ਪ੍ਰੋਵਿੰਸ ਵਿੱਚ ਹੋਰ ਰੀ-ਓਪਨਿੰਗਜ਼ ਉੱਤੇ ਰੋਕ ਲਾਉਣ ਦਾ ਐਲਾਨ ਕੀਤਾ ਹੈ। ਫੋਰਡ ਨੇ ਆਖਿਆ ਕਿ ਅਗਲੇ ਚਾਰ ਹਫਤਿਆਂ ਤੱਕ ਪ੍ਰੋਵਿੰਸ ਵਿੱਚ ਕੋਈ ਰੀਓਪਨਿੰਗ ਨਹੀਂ ਕੀਤੀ ਜਾਵੇਗੀ।

